1920 ਤੋਂ

ਜਿਲਦ 102
ਨੰਬਰ 18

੧ੳ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

੩੦ ਅੱਸੂ ਤੋਂ ੧੫ ਕੱਤਕ ੨੦੭੯ ਬਿ.
16 to 31 October 2022

# ਸਤਿ ਜੁਗ



# ਜਪ ਪ੍ਰਯੋਗ 2022



















# ਸਤਿਜੁਗ

੩੦ ਅੱਸੂ ਤੋਂ ੧੫ ਕੱਤਕ ੨੦੭੯ ਬਿ.

16 ਤੋਂ 31 ਅਕਤੂਬਰ 2022 ਈ.

ਜਿਲਦ 102, ਨੰਬਰ 18



ਸਲਾਹਕਾਰ ਮੈਂਬਰ

ਹਰਵਿੰਦਰ ਸਿੰਘ ਹੰਸਪਾਲ
ਸੁਵਰਨ ਸਿੰਘ ਵਿਰਕ
ਹਰਪਾਲ ਸਿੰਘ ਸੇਵਕ
ਸੰਤ ਨਿਸ਼ਾਨ ਸਿੰਘ
ਗੁਰਭੇਜ ਸਿੰਘ ਗੁਰਾਇਆ

ਸੰਪਾਦਕ

ਜਸਵੰਤ ਸਿੰਘ ਮਸਤ
ਗੁਰਲਾਲ ਸਿੰਘ
ਭਜਨ ਸਿੰਘ



*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***

ਹਾਕਮ ਸਿੰਘ, ਯੁਵਰਾਜ ਸਿੰਘ
ਤਰਨ ਬੱਲ



ਪੱਤਰ ਵਿਹਾਰ ਦਾ ਪਤਾ :
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 98550-58178
89267-83000, 98155-75099
**Email- Satjug@sribhainisahib.com**


# ਤਤਕਰਾ


* ਸੰਪਾਦਕੀ........................................................4

* ਗੁਰਬਾਣੀ ਵਿਆਖਿਆ..........................................6

* ਅੰਗਰੇਜ਼ ਸਰਕਾਰ ਦੀ ਕਰੋਪੀ ਦਾ ਸ਼ਿਕਾਰ ਪੁਸਤਕ: ਸੰਤ ਖਾਲਸਾ ਅਰਥਾਤ ਮੁਖਤਸਰ ਤਵਾਰੀਖ ਨਾਮਧਾਰੀ
  ਡਾ. ਗੁਰਦੇਵ ਸਿੰਘ ਸਿੱਧੂ..............................8

* ਆ ਪੰਜਾਬ ਪਿਆਰ ਤੂੰ ਮੁੜ ਆ
  ਅਮਰਜੀਤ ਸਿੰਘ ਗਰੇਵਾਲ............................11

* ਗੁਰਬਾਣੀ
  ਬਲਰਾਜ ਸਾਹਨੀ....................................16

* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ..............................20

* Ultra-processed foods: it's not just their low nutritional value that's a concern
  Richard Hoffman..........................................23

* Raga and its Effects
  Ms. Aditi Singla............................................25

* A Saga of Sri Satguru Jagjit Singh ji
  Dr. Sharada Jayagovind...........................27

* ਕਾਵਿ-ਕਿਆਰੀ................................................29

* ਸੁੱਚੇ-ਮੋਤੀ.....................................................31

* ਬੱਚਿਆਂ ਦਾ ਪੰਨਾ............................................32

* ਖ਼ਬਰਨਾਮਾ...................................................33

* Matrimonial..............................................................42


ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਿਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

# ਸੰਪਾਦਕੀ

ਆਦਿ ਕਾਲ ਤੋਂ ਹੀ ਨਾਮ ਜਪਣ ਵਾਲਿਆਂ ਦਾ ਸੰਬੰਧ ਮਾਲਾ ਨਾਲ ਰਿਹਾ ਹੈ। ਇਸ ਕਰਕੇ ਮਾਲਾ ਵਿੱਚ ਇਕ ਮਣਕਾ ਜਾਮਨ ਹੁੰਦਾ ਹੈ ਜੋ ਨਾਮੀ (ਨਾਮ ਜਪਣ ਵਾਲਾ) ਦੀ ਕੀਤੀ ਭਗਤੀ ਦਾ ਗਵਾਹ ਮੰਨਿਆ ਗਿਆ ਹੈ। ਦੂਸਰੇ ਵੱਡੇ ਮਣਕੇ ਨੂੰ ਮੇਰੂ ਕਹਿੰਦੇ ਹਨ ਜਿਸ ਤੋਂ ਭਾਵ ਹੈ ਸੁਮੇਰ ਪਰਬਤ। ਇਹ ਮੇਰੂ ਮਣਕਾ ਆਪਣੀ ਜਗ੍ਹਾ ਤੋਂ ਹਿੱਲਦਾ ਨਹੀਂ ਜੋ ਨਾਮੀ ਨੂੰ ਦੱਸਦਾ ਹੈ ਕਿ ਉਸ ਨੇ ਹਰ ਸਥਿਤੀ-ਪਰਸਥਿਤੀ ਵਿਚ ਅਡੋਲ ਰਹਿਣਾ ਹੈ। ਭਗਤੀ ਮਾਰਗ ਨੂੰ ਤਿਆਗਣਾ ਨਹੀਂ। ਨਿਸ਼ਚਾ ਇਸ ਤਰਾਂ ਦ੍ਰਿੜ ਰੱਖਣਾ ਹੈ ਜਿਵੇਂ ਭਗਤ ਨਾਮ ਦੇਵ ਜੀ ਕਹਿੰਦੇ ਹਨ-

ਤੇਰੀ ਭਗਤਿ ਨ ਛੋਡਉ ਭਾਵੈ ਲੋਗੁ ਹਸੈ॥
ਚਰਨ ਕਮਲ ਮੇਰੇ ਹੀਅਰੇ ਬਸੈ ॥੧॥ ਰਹਾਉ॥
ਜੈਸੇ ਅਪਨੇ ਧਨਹਿ ਪ੍ਰਾਣੀ ਮਰਨੁ ਮਾਂਡੈ॥
ਤੈਸੇ ਸੰਤ ਜਨਾਂ ਰਾਮ ਨਾਮੁ ਨ ਛਾਡੈਂ॥

ਭਗਤ ਨਾਮ ਦੇਵ ਜੀ ਦੇ ਹੋਰ ਪ੍ਰਮਾਣ ਵੀ ਅਸੀਂ ਗੁਰਬਾਣੀ ਚੋਂ ਪੜ੍ਹ ਸਕਦੇ ਹਾਂ ਜਿੰਨ੍ਹਾ ਵਿੱਚ ਉਹ ਨਾਮ ਜਪਦਿਆਂ ਦਰਪੇਸ਼ ਮੁਸ਼ਕਲਾਂ ਦਾ ਜ਼ਿਕਰ ਕਰਦੇ ਹਨ।

ਸਮੇਂ ਦੇ ਹਾਕਮ ਮੁਹੰਮਦ ਬਿਨ ਤੁਗ਼ਲਕ ਨੇ ਭਗਤ ਜੀ ਨੂੰ ਦਿੱਲੀ ਫੜ ਜੇਲ੍ਹ 'ਚ ਬੰਦ ਕਰ ਦਿੱਤਾ ਤੇ ਕਿਹਾ "ਤੂੰ ਹਰਿ ਦੀ ਭਗਤੀ ਛੱਡ ਦੇ ਨਹੀਂ ਤੇ ਕਤਲ ਕਰ ਦਿਆਂਗੇ" ਭਗਤ ਜੀ ਦੀ ਮਾਤਾ ਨੂੰ ਬੁਲਾਇਆ ਗਿਆ ਉਸ ਵੀ ਕਿਹਾ "ਪੁੱਤਰ ਭਗਤੀ ਛੱਡ ਦੇ" ਬਾਦਸ਼ਾਹ ਨੇ ਕਿਹਾ "ਪੁੱਤਰ ਨੂੰ ਸਮਝਾ ਲੈ ਨਹੀਂ ਤੇ ਇਸ ਦੀ ਜ਼ਿੰਦਗੀ ਖ਼ਤਮ ਸਮਝੋ।" ਭਗਤ ਜੀ ਕਹਿੰਦੇ ਹਨ-

ਰੁਦਨ ਕਰੈ ਨਾਮੇ ਕੀ ਮਾਇ॥
ਛੋਡਿ ਰਾਮੁ ਕੀ ਨ ਭਜਹਿ ਖੁਦਾਇ॥
ਨ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਇ॥
ਪਿਡੁ ਪੜੈ ਤਉ ਹਰਿ ਗੁਨ ਗਾਇ॥

ਭਗਤ ਜੀ ਮੌਤ ਦੀ ਪਰਵਾਹ ਨਾ ਕਰਦਿਆਂ ਬੜੇ ਨਿਡਰ ਹੋ ਕੇ ਕਹਿੰਦੇ ਹਨ–

ਗੰਗ ਜਮੁਨ ਜਉ ਉਲਟੀ ਬਹੈ॥ ਤਉ ਨਾਮਾ ਹਰਿ ਕਰਤਾ ਰਹੈ॥

ਇਸ ਕਰਕੇ ਮਾਲਾ ਦੇ ਪਹਿਲੇ ਵੱਡੇ ਮਣਕੇ ਮੇਰੂ ਤੋਂ ਭਾਵ ਹੈ ਕਿ ਨਾਮ ਜਪਣ ਦੇ ਮਾਰਗ ਤੇ ਅਨੇਕਾਂ ਮੁਸੀਬਤਾਂ ਆਉਣਗੀਆਂ ਕੁਝ ਬਾਹਰੀ ਜੋ ਸੰਸਾਰ ਜਾਂ ਆਪਣਿਆਂ ਵੱਲੋਂ ਤੇ ਕੁਝ ਮਨ ਦੇ ਵਿਕਾਰਾਂ ਕਾਰਨ ਪਰ ਭਗਤ, ਸਾਧੂ, ਸੰਤ, ਸਤਿਗੁਰੂ ਇਨ੍ਹਾਂ ਸਭ ਮੁਸ਼ਕਲਾਂ ਨੂੰ ਪਾਰ ਕਰਦੇ ਹੋਏ ਹਰਿ ਨਾਮ ਨਾਲ ਜੁੜੇ ਰਹਿੰਦੇ ਹਨ। ਮਾਲਾ ਨੂੰ ਸਿਮਰਨੀ, ਜਪਨੀ, ਜਪਮਾਲਾ ਵੀ ਕਿਹਾ ਜਾਂਦਾ ਹੈ। ਇਸ ਦਾ ਇਸਲਾਮਿਕ ਨਾਮ ਤਸਬੀ ਹੈ। ਗੁਰਬਾਣੀ ਵਿੱਚ ਭਗਤੀ ਕਰਨ ਵਾਲੇ ਦੀ ਜਿੱਥੇ ਸਿਫ਼ਤ ਹੈ ਉਥੇ ਬਿਨਾਂ ਭਾਵਨਾ ਤੇ ਪ੍ਰੇਮ ਵਾਲੇ ਦੇ ਹੱਥ ਚਾਹੇ ਮਾਲਾ ਕਿੰਨੀ ਵੀ ਕੀਮਤੀ ਹੋਵੇ ਉਸ ਨੂੰ ਨਿਰਾ ਪਾਖੰਡ ਦੱਸਿਆ ਹੈ।

ਕਬੀਰ ਜਪਨੀ ਕਾਠ ਕੀ ਕਿਆ ਦਿਖਾਲਾਵਹਿ ਲੋਇ
ਹਿਰਦੇ ਰਾਮੁ ਨ ਚੇਤਹੀ ਇਹ ਜਪਨੀ ਕਿਆ ਹੋਇ॥

ਦਿਖਾਵੇ ਲਈ ਧਾਰਨ ਕੀਤਾ ਕੋਈ ਵੀ ਧਾਰਮਿਕ ਚਿੰਨ੍ਹ ਨੂੰ ਗੁਰੂ ਸਾਹਿਬਾਨ ਅਤੇ ਭਗਤਾਂ ਨੇ ਪ੍ਰਵਾਨ ਨਹੀਂ ਕੀਤਾ ਹੈ।

ਮਾਥੇ ਤਿਲਕ ਹਥਿ ਮਾਲਾ ਬਾਨਾਂ॥ ਲੋਗਨ ਰਾਮੁ ਖਿਲਉਨਾ ਜਾਨਾਂ॥

ਮਾਲਾ ਦੇ ਅੱਖਰੀ ਅਰਥ ਨਿਰੰਤਰਤਾ, ਕਤਾਰ (Continues) ਹੈ। ਇਸ ਲਈ ਭਗਤ ਕਬੀਰ ਜੀ ਨੇ ਆਪਣੀ ਨਿਰੰਤਰ ਚੱਲਣ ਵਾਲੀ ਜੀਭ ਨੂੰ ਸਿਮਰਨੀ ਕਿਹਾ ਹੈ।

ਕਬੀਰ ਮੇਰੀ ਸਿਮਰਨੀ ਰਸਨਾ ਊਪਰਿ ਰਾਮੁ॥

ਗੁਰੂ ਅਰਜਨ ਦੇਵ ਜੀ ਵੀ ਲਗਾਤਾਰ ਚੱਲ ਰਹੇ ਹਰਿ ਨਾਮ ਦੇ ਜਾਪ ਨੂੰ ਹੀ ਆਸਾ ਰਾਗ ਵਿੱਚ 'ਮਾਲਾ' ਆਖਦੇ ਹਨ–

ਹਰਿ ਹਰਿ ਅਖਰ ਦੁਇ ਇਹ ਮਾਲਾ॥
ਜਪਤ ਜਪਤ ਭਏ ਦੀਨ ਦਇਆਲਾ॥੧॥
ਕਰਉ ਬੇਨਤੀ ਸਤਿਗੁਰ ਅਪੁਨੀ॥
ਕਰਿ ਕਿਰਪਾ ਰਾਖਹੁ ਸਰਣਾਈ ਮੋਕਉ ਦੇਹੁ ਹਰੇ ਹਰਿ ਜਪਨੀ॥

ਮਾਲਾ ਹਰ ਸਾਧੂ, ਸੰਤ, ਭਗਤ, ਸਤਿਗੁਰੂ ਦਾ ਵਿਸ਼ੇਸ਼ ਗਹਿਣਾ ਹੈ। ਇਹ ਇਕ ਚਿੰਨ੍ਹ ਵੀ ਹੈ ਜੋ ਪ੍ਰਭੂ ਭਗਤੀ ਦੀ ਯਾਦ ਦਿਵਾਉਂਦਾ ਹੈ। ਆਧਿਆਤਮਕ ਖੇਤਰ ਵਿੱਚ ਕਈ ਤਰਾਂ ਦੀਆਂ ਮਾਲਾ ਪ੍ਰਚਲਿਤ ਹਨ। ਮੌਜੂਦਾ ਉਨ ਦੀ 'ਨਾਮਧਾਰੀ ਮਾਲਾ' ਸਤਿਗੁਰੂ ਰਾਮ ਸਿੰਘ ਜੀ ਨੇ ਹੱਥੀ ਤਿਆਰ (Design) ਕੀਤੀ ਹੈ। ਇਸ ਦੇ ੧੦੮ ਮਣਕੇ ਪੁਰਾਤਨ ਪ੍ਰਚਲਿਤ ਮਾਲਾ ਜਿੰਨੇ ਹੀ ਹਨ। ਭਾਈ ਗੁਰਦਾਸ ਜੀ ੩੯ ਵੀਂ ਵਾਰ ਵਿੱਚ ਪ੍ਰੇਮ ਰਸੀਆਂ ਦੀ ਦਸ਼ਾ ਲਿਖਦੇ ਕਹਿੰਦੇ ਹਨ – ਮਾਲਾ ਤਸਬੀ ਤੋੜਿ ਕੈ ਜਿਉਂ ਸਉ ਤਿਵੈ ਅਠੋਤਰ ਲਾਯਾ।

ਇਸ ਤੁਕ ਤੋਂ ਇਹ ਗੱਲ ਸਪਸ਼ਟ ਹੋ ਜਾਂਦਾ ਹੈ ਕਿ ੧੦੮ ਮਣਕਿਆਂ ਦੀ ਮਾਲਾ ਪਹਿਲਾਂ ਵੀ ਪ੍ਰਚਲਿਤ ਸੀ ਪਰ ਇਸ ਦਾ ਰੂਪ( ਡਜਾਇਨ ਕਿਸ ਮਟੀਰਿਅਲ ਦੀ ਬਣਦੀ ਸੀ) ਬਾਰੇ ਕੁਝ ਵੀ ਸਪਸ਼ਟ ਨਹੀਂ।

ਇਕ ਸਵਾਲ ਇਹ ਹੈ ਕਿ ੧੦੮ ਮਣਕੇ ਹੀ ਕਿਉ?

੧੦੮ ਤੋਂ ਭਾਵ ਹੈ ਬ੍ਰਹਮ (ਪਰਮਾਤਮਾ)

ਜਦੋਂ ਅਸੀਂ ਦੇਵਨਾਗਰੀ ਲਿਪੀ ਦੇ ਅੱਖਰਾਂ ਵਿੱਚ 'ਬ੍ਰਹਮ' ਸ਼ਬਦ ਵਿੱਚ ਆਏ ਅੱਖਰਾਂ ਦੀ ਗਿਣਤੀ ਕਰਦੇ ਹਾਂ ਤਾਂ ਉਹ ੧੦੮ ਬਣਦੀ ਹੈ ਜਿਵੇਂ '**क**'ਨੂੰ ਇਕ ਮੰਨ ਕੇ **ब** ਤੱਕ ਗਿਣਤੀ ੨੩ ਬਣਦੀ ਹੈ। ਹੁਣ ਸਾਰੇ **ਬਰਹਮ ब्रह्म** ਅੱਖਰਾਂ ਦੀ ਗਿਣਤੀ ਕਰ ਲੈਂਦੇ ਹਾਂ –

**ब**–23+ **र**–27+ **ह**–33+ **म** –25= 108

੧੦੮ ਮਣਕਿਆਂ ਦੀ ਮਾਲਾ ਪ੍ਰਮੇਸ਼ਰ ਨਾਮੀ ਮਾਲਾ ਹੈ।

# ਗੁਰਬਾਣੀ ਵਿਆਖਿਆ - ਜਾਪੁ

**ਅਧੇ ਹੈਂ॥ ਅਭੇ ਹੈਂ॥**

ਤੂੰ ਕਿਸੇ ਦੇ ਆਸਰੇ 'ਤੇ ਟਿਕਿਆ ਹੋਇਆ ਨਹੀਂ ਹੈਂ ਅਤੇ
ਨਾ ਹੀ ਕਿਸੇ ਕਰਮ-ਕਾਂਡ ਨਾਲ ਭਿੱਜਣ ਵਾਲਾ ਹੈਂ।

You do not rest on anything nor are going to be influenced by any
external rites and rituals.

You are neither dependent on support nor influenced by rituals.

**ਅਜੀਤ ਹੈਂ॥ ਅਭੀਤ ਹੈਂ॥ ੩੧॥**

ਤੈਨੂੰ ਕੋਈ ਜਿੱਤ ਨਹੀਂ ਸਕਦਾ ਅਤੇ ਤੂੰ ਨਿਡਰ ਹੈਂ।

You are invincible and fearless.

**ਤ੍ਰਿਮਾਨ ਹੈਂ॥ ਨਿਧਾਨ ਹੈਂ॥**

ਤੂੰ ਤਿੰਨਾਂ ਲੋਕਾਂ ਵਿੱਚ ਮੰਨਿਆ ਜਾਣ ਵਾਲਾ ਹੈਂ ਅਤੇ ਸਾਰਿਆਂ ਖ਼ਜ਼ਾਨਿਆਂ ਦਾ ਸਰੂਪ ਹੈਂ।

You are acknowledged in all the three worlds and
you constitute all the treasures of the world.

You are revered in the three worlds and the master of all treasures.

**ਤ੍ਰਿਬਰਗ ਹੈਂ॥ ਅਸਰਗ ਹੈਂ॥ ੩੨॥**

ਹੇ ਪ੍ਰਭੂ! ਤੂੰ ਤਿੰਨ (ਅਰਥ, ਧਰਮ ਅਤੇ ਕਾਮ) ਰੂਪ ਅਤੇ ਸੰਬੰਧ-ਰਹਿਤ ਭਾਵ ਨਿਰਲੇਪ ਹੈਂ।

O God! You are detached from the factors (economy, religious faith and desire)
and bonding with the mundane.

You exist in three categories (demi-God, demon and human),
yet are independent of them

**ਅਨੀਲ ਹੈਂ॥ ਅਨਾਦਿ ਹੈਂ॥**

ਤੂੰ ਕਲੰਕ ਰਹਿਤ ਅਤੇ ਆਦਿ ਰਹਿਤ ਹੈਂ।

You are immune to blemish and free from the very idea of genesis.

Your are free from blemish and origin.

**ਅਜੇ ਹੈਂ॥ ਅਜਾਦਿ ਹੈਂ॥ ੩੩॥**

ਤੂੰ ਅਜਿੱਤ ਅਤੇ ਮੁਕਤ ਹੈਂ।

You are invincible and free.

You are invincible and independent.

**ਅਜਨਮ ਹੈਂ॥ਅਬਰਨ ਹੈਂ॥**

ਤੂੰ ਜਨਮ ਰਹਿਤ ਹੈਂ ਅਤੇ ਵਰਣ ਰਹਿਤ ਹੈਂ।

You are above birth and *varna*.(system of caste based social hierarchy).

Your are independent of birth and caste.

**ਅਭੂਤ ਹੈਂ॥ਅਭਰਨ ਹੈਂ॥੩੪॥**

ਤੂੰ ਤੱਤਾਂ ਤੋਂ ਰਹਿਤ ਹੈਂ ਅਤੇ ਕਿਸੇ ਦੀ ਦੇਖ ਭਾਲ ਅਧੀਨ ਨਹੀਂ ਹੈਂ।

You are free from the formation of elements and free from anybody's care.

You are free from elements and are self-reliant.

**ਅਗੰਜ ਹੈਂ॥ਅਭੰਜ ਹੈਂ॥**

ਤੂੰ ਨਾਸ ਰਹਿਤ ਅਤੇ ਟੁੱਟ-ਭੱਜ ਤੋਂ ਬਿਨਾਂ ਹੈਂ।

You are immune to destruction and dissipation.

You cannot be destroyed or broken.

**ਅਝੂਝ ਹੈਂ॥ਅਝੰਝ ਹੈਂ॥੩੫॥**

ਤੂੰ ਲੜਾਈ ਝਗੜਿਆਂ ਤੋਂ ਰਹਿਤ ਹੈਂ।

You are free from fights.

You are free from disputes and quarrels.

**ਅਮੀਕ ਹੈਂ॥ਰਫ਼ੀਕ ਹੈਂ॥**

ਤੂੰ ਗੰਭੀਰ ਅਤੇ ਮਿੱਤਰ ਸਰੂਪ ਹੈਂ।

You are free and amiable.

You are profound and friendly.

**ਅਧੰਧ ਹੈਂ॥ਅਬੰਧ ਹੈਂ॥੩੬॥**

ਤੂੰ ਧੰਧਿਆਂ ਅਤੇ ਬੰਧਨਾਂ ਤੋਂ ਰਹਿਤ ਹੈਂ।

You are liberated from occupations and their constraints.

You are free from occupations and bondages.

**ਨ੍ਰਿਬੂਝ ਹੈਂ॥ਅਸੂਝ ਹੈਂ॥**

ਤੂੰ ਸਮਝਿਆ ਵੀ ਨਹੀਂ ਜਾ ਸਕਦਾ ਅਤੇ ਵੇਖਿਆ ਵੀ ਨਹੀਂ ਜਾ ਸਕਦਾ।

You are incomprehensible and imperceptible.

**ਨਾਮਧਾਰੀ ਨਿਤਨੇਮ ਸਟੀਕ ਵਿੱਚੋਂ**

ਅੰਗਰੇਜ਼ ਸਰਕਾਰ ਦੀ ਕਰੋਪੀ ਦਾ ਸ਼ਿਕਾਰ ਪੁਸਤਕ:

# ਸੰਤ ਖਾਲਸਾ ਅਰਥਾਤ ਮੁਖਤਸਰ ਤਵਾਰੀਖ ਨਾਮਧਾਰੀ



**ਡਾ. ਗੁਰਦੇਵ ਸਿੰਘ ਸਿੱਧੂ**
**9417049417**

ਇਸ ਕਾਵਿ-ਪੁਸਤਕ ਦਾ ਲੇਖਕ ਹਰਨਾਮ ਸਿੰਘ ਸਵੈਚ, ਪਿੰਡ ਬਗੁਲੀ ਕਲਾਂ, ਜ਼ਿਲ੍ਹਾ ਲੁਧਿਆਣਾ ਹੈ ਅਤੇ ਇਸ ਦਾ ਪ੍ਰਕਾਸ਼ਕ ਵੀ ਉਹ ਖੁਦ ਹੀ ਸੀ। ਪੁਸਤਕ ਦਾ ਛਾਪਕ ਬਲਵੰਤ ਸਿੰਘ ਸੀ ਜਿਸ ਨੇ ਸਤਿਗੁਰੂ ਰਾਮ ਹਰੀ ਪ੍ਰੈੱਸ, ਸ੍ਰੀ ਭੈਣੀ ਸਾਹਿਬ, ਜ਼ਿਲ੍ਹਾ ਲੁਧਿਆਣਾ ਤੋਂ ਪ੍ਰਕਾਸ਼ਨ ਕਾਰਜ ਕਰਵਾਇਆ।

ਕਰਤਾ ਨੇ ਪੁਸਤਕ ਦੇ ਸਰਵਰਕ ਉੱਤੇ ਪੁਸਤਕ ਦਾ ਨਾਂ ਲਿਖੇ ਜਾਣ ਪਿੱਛੋਂ ਇਸ ਦੇ ਵਿਸ਼ੇ ਵਸਤੂ ਬਾਰੇ ਜਾਣਕਾਰੀ ਦਿੰਦਿਆ ਲਿਖਿਆ ਹੈ, "ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਅਵਤਾਰ ਧਾਰਨ ਤੇ ਪ੍ਰਦੇਸ ਗਮਨ ਤੱਕ ਦੇ ਹਾਲ ਸੁਭਾਵਕ ਕਰਾਮਾਤਾਂ ਦੇ ਜ਼ਿਕਰ, ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀਆਂ ਅੱਖੀਂ ਦੇਖੀਆਂ ਜਾਹਰੀਆਂ ਕਰਾਮਾਤਾਂ, ਸ੍ਰੀ ਸਰਬ ਸ਼ਕਤੀਵਾਨ ਅਟੱਲ ਪ੍ਰਤਾਪੀ ਮਹਾਰਾਜ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਬੁੱਚੜਬੱਧ ਦੇ ਪੂਰੇ ਸਾਕੇ, ਭਾਈ ਰਾਇ ਸਿੰਘ ਆਦਿ ਦੇ ਪ੍ਰਸੰਗ ਹਨ। "

1867 ਈ. ਦੇ ਪ੍ਰੈਸ ਐਕਟ 25, ਜਿਸ ਦਾ ਮਨੋਰਥ "ਛਾਪੇਖਾਨਿਆਂ ਅਤੇ ਅਖਬਾਰਾਂ ਦੀ ਪ੍ਰਕਾਸ਼ਨਾਂ ਨੂੰ ਨਿਯਮਤ ਕਰਨਾ, ਬਰਤਾਨਵੀ ਹਿੰਦੁਸਤਾਨ ਵਿਚ ਪ੍ਰਕਾਸ਼ਿਤ ਪੁਸਤਕਾਂ ਦੀਆਂ ਪ੍ਰਤੀਆਂ ਦੀ ਸੁਰੱਖਿਅਤ ਸੰਭਾਲ ਅਤੇ ਅਜਿਹੀਆਂ ਪੁਸਤਕਾਂ ਦੀ ਰਜਿਸਟ੍ਰੇਸ਼ਨ" ਦੱਸਿਆ ਗਿਆ ਸੀ, ਦੀ ਪਾਲਣਾ ਹਿਤ ਛਪਣ ਵਾਲੀ ਹਰ ਪੁਸਤਕ ਦੱਸੇ ਗਏ ਸਰਕਾਰੀ ਅਧਿਕਾਰੀਆਂ ਨੂੰ ਭੇਜਣੀ ਲਾਜ਼ਮੀ ਸੀ। ਇਸ ਨਿਯਮ ਦੀ ਪਾਲਣਾ ਕਰਦਿਆਂ ਇਹ ਪੁਸਤਕ ਵੀ ਸਰਕਾਰੀ ਅਧਿਕਾਰੀਆਂ ਨੂੰ ਭੇਜੀ ਗਈ। ਇਹਨਾਂ ਅਧਿਕਾਰੀਆਂ ਦਾ ਕੰਮ ਹਰ ਪ੍ਰਕਾਸ਼ਨ ਦੇ ਵਿਸ਼ੇ ਵਸਤੂ ਦੀ ਖੋਜ ਪੜਤਾਲ ਕਰਕੇ ਇਹ ਵੇਖਣਾ ਸੀ ਕਿ ਕਿਤੇ ਇਸ ਪੁਸਤਕ ਵਿਚ ਸਰਕਾਰ ਵਿਰੁੱਧ ਪ੍ਰਚਾਰ ਤਾਂ ਨਹੀਂ ਕੀਤਾ ਗਿਆ, ਉਹਨਾਂ ਦੀ ਡਿਊਟੀ ਸੀ ਕਿ ਅਜਿਹਾ ਹੋਣ ਦੀ ਸੂਰਤ ਵਿਚ ਇਹ ਤੱਥ ਉਪਰਲੇ ਅਧਿਕਾਰੀਆਂ ਦੇ ਧਿਆਨ ਵਿਚ ਲਿਆਂਦਾ ਜਾਵੇ। ਜਦ ਸਰਕਾਰੀ ਅਧਿਕਾਰੀਆਂ ਨੇ "ਸੰਤ ਖਾਲਸਾ" ਵਿਚ ਅਜਿਹੀ ਸਮਗਰੀ ਵੇਖੀ ਜੋ ਪਾਠਕਾਂ ਦੇ ਮਨ ਵਿਚ ਸਰਕਾਰ ਵਿਰੋਧੀ ਭਾਵਨਾਵਾਂ ਉਪਜਾ ਸਕਦੀ ਸੀ ਤਾਂ ਇਸ ਬਾਰੇ ਡੂੰਘਾਈ ਨਾਲ ਜਾਨਣ ਵਾਸਤੇ ਇਸ ਦਾ ਰਿਵੀਊ ਕਰਵਾਇਆ ਗਿਆ। ਰੀਵਿਊਕਾਰ ਦੁਆਰਾ ਪੁਸਤਕ ਦਾ ਕੀਤਾ ਰੀਵਿਊ ਇਉਂ ਸੀ:

ਹਰਨਾਮ ਸਿੰਘ ਪਿੰਡ ਬਗੁਲੀ ਕਲਾਂ, ਜ਼ਿਲ੍ਹਾ ਲੁਧਿਆਣਾ ਦੀ ਲਿਖੀ ਅਤੇ ਬਲਵੰਤ ਸਿੰਘ ਦੁਆਰਾ ਸਤਿਗੁਰੂ ਰਾਮ ਹਰੀ ਪ੍ਰੈਸ, ਭੈਣੀ ਸਾਹਿਬ ਤੋਂ ਗੁਰਮੁਖੀ ਵਿਚ ਛਪੀ ਪੁਸਤਕ "ਸੰਤ ਖਾਲਸਾ ਅਰਥਾਤ ਮੁਖਤਸਰ ਤਵਾਰੀਖ ਨਾਮਧਾਰੀ" ਦਾ ਰੀਵਿਊ:

ਪੁਸਤਕ ਵਿਚ ਸਿੱਖਾਂ ਦੇ ਫਿਰਕੇ ਨਾਮਧਾਰੀ, ਜਿਸ ਨੂੰ ਆਮ ਤੌਰ ਉੱਤੇ ਕੂਕੇ ਵਜੋਂ ਜਾਣਿਆ ਜਾਂਦਾ ਹੈ, ਦੇ ਸੰਸਥਾਪਕ ਬਾਬਾ ਰਾਮ ਸਿੰਘ ਦਾ ਜੀਵਨ ਕਵਿਤਾ ਵਿਚ ਲਿਖਿਆ ਗਿਆ ਹੈ। ਮੁਢਲੇ ਜੀਵਨ ਦਾ ਸੰਖੇਪ ਵੇਰਵਾ ਦਰਜ ਕਰਨ ਪਿੱਛੋਂ ਉਸ ਦੇ ਫ਼ੌਜੀ ਜੀਵਨ ਦਾ ਵਿਸਤ੍ਰਿਤ ਬਿਆਨ ਹੈ। ਅੱਗੇ ਉਸ ਵੱਲੋਂ ਫ਼ੌਜੀ ਜੀਵਨ ਤਿਆਗਣ ਪਿੱਛੋਂ ਹਜਰੋਂ ਜਾਣ ਬਾਬਾ ਬਾਲਕ ਸਿੰਘ, ਜਿਨ੍ਹਾਂ ਨੂੰ ਸਿੱਖਾਂ ਦਾ ਗਿਆਰਵਾਂ ਗੁਰੂ ਮੰਨਿਆ ਜਾਂਦਾ ਹੈ, ਨਾਲ ਹੋਈ ਮੁਲਾਕਾਤ ਬਾਰੇ ਦੱਸਿਆ ਗਿਆ ਹੈ। ਕਿਹਾ ਗਿਆ ਹੈ ਕਿ ਬਾਬਾ ਬਾਲਕ ਸਿੰਘ ਨੇ ਉਸ ਨੂੰ ਅਦਭੁੱਤ ਅਧਿਆਤਮਿਕ ਸ਼ਕਤੀ ਬਖ਼ਸ਼ੀ। ਫਿਰ ਇਹ ਦੱਸਿਆ ਗਿਆ ਹੈ ਕਿ ਉਸ ਨੇ ਕਿਵੇਂ ਹਜ਼ਰੋਂ ਤੋਂ ਵਾਪਸੀ ਪਿੱਛੋਂ ਭੈਣੀ ਸਾਹਿਬ, ਜ਼ਿਲਾ ਲੁਧਿਆਣਾ, ਨੂੰ ਟਿਕਾਣਾ ਬਣਾਇਆ ਅਤੇ ਨਾਮਧਾਰੀ, ਜਿਸ ਨੂੰ ਕੂਕਾ ਕਿਹਾ ਜਾਂਦਾ ਹੈ, ਲਹਿਰ ਅਰੰਭ ਕੀਤੀ। ਇਸ ਤੋਂ ਅੱਗੇ ਕੁੱਝ ਕੂਕੇ ਸਿੱਖਾਂ ਦੁਆਰਾ ਅੰਮ੍ਰਿਤਸਰ ਅਤੇ ਰਾਇਕੋਟ ਵਿਚ ਮੁਸਲਮ ਬੁੱਚੜਾਂ ਨੂੰ ਕਤਲ ਕੀਤੇ ਜਾਣ, ਉਹਨਾਂ ਸਿੱਖਾਂ ਦਾ

ਸਾਹਮਣੇ ਪੇਸ਼ ਹੋ ਕੇ ਆਪਣਾ ਜੁਰਮ ਮੰਨ ਲੈਣ ਅਤੇ ਨਤੀਜਨ ਉਹਨਾਂ ਨੂੰ ਫਾਂਸੀ ਲਾਏ ਜਾਣ ਦਾ ਹਾਲ ਲਿਖਿਆ ਹੈ। ਮਸਤਾਨੇ ਕੂਕਿਆਂ ਵੱਲੋਂ ਮਲੇਰਕੋਟਲੇ ਦੇ ਬੁੱਚੜਾਂ ਨੂੰ ਮਾਰਨ ਅਤੇ ਡਿਪਟੀ ਕਮਿਸ਼ਨਰ ਲੁਧਿਆਣਾ ਦੇ ਹੁਕਮ ਨਾਲ ਉਹਨਾਂ ਮਸਤਾਨਿਆਂ ਨੂੰ ਰੱਕੜ ਵਿਚ ਤੋਪ ਦੇ ਗੋਲਿਆਂ ਨਾਲ ਉਡਾਉਣ ਅਤੇ ਫਾਂਸੀ ਦੇਣ ਦਾ ਜ਼ਿਕਰ ਹੈ। ਬਾਬਾ ਰਾਮ ਸਿੰਘ ਦੇ ਪੈਰੋਕਾਰਾਂ ਵੱਲੋਂ ਬੁੱਚੜਾਂ ਨੂੰ ਮਾਰਨ ਬਾਰੇ ਉੱਪਰ ਲਿਖੀ ਘਟਨਾ ਦੇ ਸੰਬੰਧ ਵਿਚ ਉਹਨਾਂ ਨੂੰ ਬਰਮਾ ਵਿਚ ਦੇਸ਼ ਨਿਕਾਲਾ ਦੇਣ ਦੇ ਬਿਆਨ ਨਾਲ ਪੁਸਤਕ ਸਮਾਪਤ ਹੁੰਦੀ ਹੈ।

ਪੁਸਤਕ ਵਿਚ ਧਿਆਨ ਦੇਣ ਯੋਗ ਕਾਵਿ-ਪੰਕਤੀਆਂ ਇਹ ਹਨ:

ਕਤਲ ਕਰਨ ਵਾਲੇ ਚਾਰ ਸਿੱਖਾਂ ਦਾ ਭੈਣੀ ਸਹਿਬ ਜਾਣਾ ਅਤੇ ਸਤਿਗੁਰੂ ਦਾ ਉਹਨਾਂ ਨੂੰ ਉਪਦੇਸ਼:

ਤੁਸੀਂ ਬੁੱਚੜਾਂ ਨੂੰ ਨਾ ਸੀ ਕਤਲ ਕਰਨਾ,
ਅਗਰ ਹੋਣਾ ਥਾ ਤੁਸੀਂ ਫਰਾਰ ਸਿੰਘੋ।
ਬੁੱਚੜ ਮਾਰ ਕੇ ਤੁਸੀਂ ਸ਼ਹੀਦ ਹੁੰਦੇ,
ਦਿੰਦੇ ਬਿਆਨ ਜਾ ਪਾਸ ਸਰਕਾਰ ਸਿੰਘੋ।
ਹੁਣ ਬੀ ਕਰੋ ਜਲਦੀ ਜਾਵੋ ਅੰਮ੍ਰਿਤਸਰ ਨੂੰ,
ਕਰੋ ਜ਼ੁਲਮ ਤੇ ਨਹੀਂ ਇਨਕਾਰ ਸਿੰਘੋ।
ਮਰਦ ਅਣਖ ਵਾਲੇ ਬਲੀ ਥੋਡੇ ਪਿੱਛੇ,
ਅੱਸੀ ਹੋਰ ਔਂਦੇ ਲਗਾਤਾਰ ਸਿੰਘੋ।

ਜਦੋਂ ਸਤਿਗੁਰੂ ਨੇ ਅਜਿਹਾ ਕਿਹਾ ਤਾਂ ਉਹ ਤਤਕਾਲ ਅੰਮ੍ਰਿਤਸਰ ਚਲੇ ਗਏ। ਉੱਥੇ ਪਹੁੰਚ ਕੇ ਉਹ ਸੈਸ਼ਨ ਜੱਜ ਦੇ ਪੇਸ਼ ਹੋਏ ਅਤੇ ਇਹ ਬਿਆਨ ਦਿੱਤਾ:

ਅਸੀਂ ਕਤਲ ਕੀਤੇ ਬੁੱਚੜ ਏਸ ਥਾਂ ਦੇ,
ਸਿੰਘ ਜੱਜਾਂ ਨੂੰ ਦੇਣ ਬਿਆਨ ਓਥੇ।
ਸਾਰੇ ਬੁੱਚੜਾਂ ਦੇ ਖੂਨੀ ਅਸੀਂ ਅੱਠੇ,
ਹੋਰ ਨਹੀਂ ਥਾ ਕੋਈ ਇਨਸਾਨ ਓਥੇ।

ਬਾਬਾ ਰਾਮ ਸਿੰਘ ਦੀ ਪਤਨੀ ਦੇ ਸੁਰਗਵਾਸ ਹੋਣ ਪਿੱਛੋਂ ਮ੍ਰਿਤਕ ਦੀਆ ਅੰਤਮ ਰਸਮਾਂ ਸਮੇਂ ਭੈਣੀ ਸਾਹਿਬ ਵਿਚ ਵੱਡੀ ਸੰਗਤ ਇਕੱਠੀ ਹੋਈ। ਅੰਤਮ ਰਸਮਾਂ ਹੋ ਚੁੱਕਣ ਪਿੱਛੋਂ ਮਸਤਾਨੇ ਕੂਕਿਆਂ ਨੇ ਸੰਗਤ ਨੂੰ ਇਉਂ ਸੰਬੋਧਨ ਕੀਤਾ:

ਕਹਿੰਦੇ ਜ਼ੁਲਮ ਦੀ ਵੀਰਨੋ ਹੱਦ ਹੋ ਗਈ,
ਬੁੱਚੜ ਬਹੁਤ ਪਾਪੀ ਮੁਸਲਮਾਨ ਸਿੰਘੋ।
ਗਊਆਂ ਮਾਰਦੇ ਕੋਸਕੇ ਸੌਂਹੇਂ ਥੋਡੇ,
ਜਿਉਂਦੇ ਕਾਸ ਨੂੰ ਤੁਸੀਂ ਜਹਾਨ ਸਿੰਘੋ।
ਮਰ ਗਏ ਕਿਉਂ ਨਾ ਸਿੰਘੀ ਧਰਮ ਤਜ ਕੇ,
ਮੁਰਦੇ ਲਈ ਕਿਉਂ ਫਿਰੋਂ ਪ੍ਰਾਨ ਸਿੰਘੋ।
ਦੁਸ਼ਟ ਮਾਰਨੀ ਸੰਤ ਉਬਾਰਨੀ ਜੋ,
ਕਿਥੇ ਤੁਸਾਂ ਦੀ ਗਈ ਕ੍ਰਿਪਾਨ ਸਿੰਘੋ।
ਮਾਰ ਮਾਰ ਤੇਗਾਂ ਬੁੱਚੜ ਪਾਪੀਆਂ ਦਾ,
ਕਰ ਦਿਓ ਭਾਰੇ ਘਲੂਘਾਨ ਸਿੰਘੋ।
ਰੋਕੇ ਸਤਿਗੁਰਾਂ ਦੇ ਸਿੰਘ ਰੁਕੇ ਨਾ ਸੀ,
ਉਚੀ ਬੋਲ ਕੇ ਫੜ੍ਹੇ ਬਲਵਾਨ ਤੁਰ ਪਏ।
ਮੂੰਹੋਂ ਸ਼ਬਦ ਅਕਾਲ ਅਕਾਲ ਕਰ ਕੇ,
ਮੂਹਰੇ ਇਕ ਤੋਂ ਇਕ ਜਵਾਨ ਤੁਰ ਪਏ।
ਗਾਨੇ ਮੌਤ ਸ਼ਹੀਦੀ ਦੇ ਬੰਨ੍ਹ ਹੱਥੀਂ,
ਮੂਹਰੇ ਝੁੱਲਦਾ ਛੱਡ ਨਿਸ਼ਾਨ ਤੁਰ ਪਏ।

ਬਾਬਾ ਰਾਮ ਸਿੰਘ ਨੇ ਮਸਤਾਨਿਆਂ ਬਾਰੇ ਸਰਕਾਰ ਨੂੰ ਇਹ ਸੂਚਨਾ ਦਿੱਤੀ:

ਕੁਛ ਕੁ ਮਸਤਾਨੜੇ ਸਿੱਖ ਸਾਡੇ,
ਚਾਂਹਦੇ ਅਮਨ ਅਮਾਨ ਹੈ ਭੰਗ ਕਰਨਾ।
ਸਾਡੇ ਕਹਿਣ ਤੇ ਭੀ ਫੌਜਾਂ ਨਹੀਂ ਰੁਕੀਆਂ,
ਚਾਹੁੰਦੇ ਬੁੱਚੜਾਂ ਸੇ ਸਿਰਫ ਜੰਗ ਕਰਨਾ।
ਥੋਨੂੰ ਖਬਰ ਦਿੱਤੀ ਸਾਰੇ ਮਾਮਲੇ ਦੀ,
ਜਥਾ ਰੋਕਣੇ ਦਾ ਕੋਈ ਢੰਗ ਕਰਨਾ।

ਮੁਨਾਸਿਬ ਸਮੇਂ ਉੱਤੇ ਮਲੇਰਕੋਟਲੇ ਪਹੁੰਚ ਕੇ ਬੁੱਚੜਾਂ ਉੱਤੇ ਹਮਲਾ ਕੀਤਾ।

ਜਥੇ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਲੁਧਿਆਣੇ ਦੇ ਤਤਕਾਲੀਨ ਡਿਪਟੀ ਕਮਿਸ਼ਨਰ ਨੇ ਜਥੇ ਵਿਚ ਸ਼ਾਮਲ ਦੋ ਬੱਚਿਆਂ ਅਤੇ ਦੋ ਔਰਤਾਂ ਨੂੰ ਜਾਣ ਦੀ ਆਗਿਆ ਦੇ ਦਿੱਤੀ। ਚਾਰ ਸਿੱਖਾਂ ਨੂੰ ਉਮਰ ਕੈਦ ਕਾਲੇਪਾਣੀ ਦੀ ਸਜ਼ਾ ਦਿੱਤੀ ਗਈ ਜਦੋਂ ਕਿ ਹੋਰਨਾਂ ਨੂੰ ਤੋਪ ਦੇ ਗੋਲਿਆਂ ਨਾਲ ਉਡਾਉਣ ਦਾ ਹੁਕਮ ਦਿੱਤਾ ਗਿਆ।

ਬੱਚੇ ਬਿਸ਼ਨ ਸਿੰਘ ਨੇ ਕਾਵਨ ਦੀ ਦਾੜ੍ਹੀ ਫੜ ਲਈ ਅਤੇ (ਸੈਨਿਕਾਂ ਵੱਲੋਂ ਦਾੜ੍ਹੀ ਛੁਡਾਉਣ ਦੀ ਕੋਸ਼ਿਸ਼ ਕੀਤੇ ਜਾਣ ਦੇ ਬਾਵਜੂਦ) ਨਾ ਛੱਡੇ ਜਾਣ ਉੱਤੇ ਉਸ ਦਾ ਸਿਰ ਤਲਵਾਰ ਨਾਲ ਧੜ ਤੋਂ ਲਾਹ ਦਿੱਤਾ ਗਿਆ।

ਸੋਲਾਂ ਸਿੰਘ ਦੂਜੇ ਦਿਨ ਬੀਰ ਬਾਂਕੇ,
ਗੌਰਮਿੰਟ ਨੇ ਫਾਂਸੀ ਲਗਾਇ ਦਿੱਤੇ।
ਬਿਸ਼ਨ ਸਿੰਘ ਸੂਰੇ ਰੜ ਪਿੰਡ ਵਾਲੇ,
ਨਾਲ ਤੇਗ ਦੇ ਕਤਲ ਕਰਾਇ ਦਿੱਤੇ।
ਸੱਤ ਸਿੰਘ ਬਲਵੇ ਵਿਚ ਗਏ ਮਾਰੇ,
ਕਾਲੇ ਪਾਣੀਆਂ ਚਾਰ ਪੁਚਾਇ ਦਿੱਤੇ।
ਇਕ ਸਿੰਘ ਮਲੌਦ ਸ਼ਹੀਦ ਹੋਇਆ,
ਠੱਤ੍ਹ ਵੀਰਨੋਂ ਕੁੱਲ ਗਿਣਾਇ ਦਿੱਤੇ।

ਖੁਸ਼ੀਆਂ ਨਾਲ ਲਲਕਾਰ ਕੇ ਮੌਤ ਤਾਈਂ,
ਕਰ ਬਹੁਤ ਭਾਰੀ ਬਲੀਦਾਨ ਗਏ।
ਰਛਿਆ ਗਊ ਖਾਤਰ ਸਿੰਘ ਬਲੀ ਜੋਧੇ,
ਧਰਮ ਵਾਸਤੇ ਹੋ ਕੁਰਬਾਨ ਗਏ।

ਕਵੀ ਬਾਬਾ ਰਾਮ ਸਿੰਘ ਦੀ ਗ੍ਰਿਫਤਾਰੀ ਅਤੇ ਬਰਮਾ ਨੂੰ ਭੇਜੇ ਜਾਣ ਪਿੱਛੋਂ ਸਰਕਾਰ ਵੱਲੋਂ ਨਾਮਧਾਰੀਆਂ ਨਾਲ ਕੀਤੇ ਗਏ ਵਿਵਹਾਰ ਬਾਰੇ ਇਉਂ ਬਿਆਨ ਕਰਦਾ ਹੈ:

ਸਰਕਾਰ ਨੇ ਕੂਕਿਆਂ ਉੱਤੇ ਬਹੁਤ ਜ਼ੁਲਮ ਕੀਤਾ। ਹਰ ਥਾਂ ਕੂਕਿਆਂ ਨੂੰ ਬਾਗੀ ਐਲਾਨਿਆ ਗਿਆ। ਪਿੰਡਾਂ ਵਿਚ ਜਾ ਕੇ ਕੂਕਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਬੇਕਸੂਰੇ ਵੀ ਦੁੱਖੀ ਹੋਏ। ਅੱਜ, ਖੁਸ਼ਾਮਦੀ ਮੁਖਬਰਾਂ ਨੇ ਕੂਕਾ ਪੰਥ ਨੂੰ ਬਹੁਤ ਤਬਾਹ ਕੀਤਾ ਹੈ। ਅਧਿਕਾਰੀਆਂ ਵੱਲੋਂ ਧਮਕਾਏ ਜਾਣ ਉੱਤੇ ਬਹੁਤੇ ਸਿੱਖਾਂ ਨੇ ਕੂਕੇ ਹੋਣ ਤੋਂ ਇਨਕਾਰ ਕਰ ਦਿੱਤਾ। ”

ਭਲਾ ਪੰਜਾਬ ਸਰਕਾਰ ਅਜਿਹੇ ਕਥਨਾਂ ਨੂੰ ਕਿਵੇਂ ਬਰਦਾਸ਼ਤ ਕਰ ਸਕਦੀ ਸੀ? ਉਸ ਨੇ ਇੰਡੀਅਨ ਪ੍ਰੈੱਸ (ਐਮਰਜੈਂਸੀ ਪਾਵਰਜ਼) ਐਕਟ, 1931 ਦੀ ਧਾਰਾ 19 ਅਧੀਨ ਪੰਜਾਬ ਸਰਕਾਰ ਵੱਲੋਂ ਜਾਰੀ ਅਧਿਆਦੇਸ਼ ਨੰ: 513/8727-ਪੀ.ਬੀ. ਮਿਤੀ 17 ਫਰਵਰੀ 1936 ਦੁਆਰਾ ਇਸ ਪੁਸਤਕ ਨੂੰ ਜ਼ਬਤ ਕਰਨ ਦੇ ਹੁਕਮ ਜਾਰੀ ਕੀਤੇ।

ਇਸ ਪੁਸਤਕ ਦੀ ਜ਼ਬਤੀ ਬਾਰੇ “ਸਤਿਜੁਗ” ਅਖਬਾਰ ਦੇ ਅੰਕ ਮਿਤੀ ਫੱਗਣ 1992 ਮੁਤਾਬਿਕ ਮਾਰਚ 1936 ਈਸਵੀ ਵਿਚ ਇਉਂ ਲਿਖਿਆ ਗਿਆ, “...ਸਰਕਾਰ ਪੰਜਾਬ ਨੇ 'ਸੰਤ ਖਾਲਸਾ' ਨਾਮੀ ਅਤਿ ਸਾਧਾਰਨ ਅਤੇ ਸਾਦਾ ਜਿਹਾ ਟ੍ਰੈਕਟ ਵੀ ਜ਼ਬਤ ਕਰ ਲਿਆ ਹੈ। ਇਸ ਸਾਧਾਰਨ ਜਿਹੇ ਟ੍ਰੈਕਟ ਵਿਚ ਨਾਮਧਾਰੀ ਇਤਿਹਾਸ ਨਾਲ ਸੰਬੰਧ ਰੱਖਣ ਵਾਲੀਆਂ ਘਟਨਾਵਾਂ ਸਰਲ ਜਹੇ ਪੰਜਾਬੀ ਬੈਂਤਾਂ ਵਿਚ ਦਰਜ ਹਨ ਅਤੇ ਸਾਨੂੰ ਕਦੇ ਖਿਆਲ ਵੀ ਨਹੀਂ ਸੀ ਹੋ ਸਕਦਾ ਕਿ ਸਰਕਾਰ ਇਸ ਟ੍ਰੈਕਟ ਨੂੰ ਜ਼ਬਤ ਕਰ ਲਵੇਗੀ। ਜੇ ਸਰਕਾਰ ਇਹੋ ਜਹੇ ਟ੍ਰੈਕਟਾਂ ਨੂੰ ਵੀ ਜ਼ਬਤ ਕਰਨ ਲੱਗ ਪਈ ਤਾਂ ਇਸ ਦੇ ਸਾਫ ਅਰਥ ਇਹ ਹੋਣਗੇ ਕਿ ਅਸੀਂ ਨਾਮਧਾਰੀ ਇਤਿਹਾਸ ਨਾਲ ਸੰਬੰਧ ਰੱਖਣ ਵਾਲੀ ਕਿਸੇ ਘਟਨਾ ਨੂੰ ਵੀ ਪ੍ਰਕਾਸ਼ਿਤ ਨਹੀਂ ਕਰ ਸਕਿਆ ਕਰਾਂਗੇ। ਸਰਕਾਰ ਦਾ ਇਹ ਸਖਤ ਧੱਕਾ ਹੈ ਤੇ ਇਕ ਤਰ੍ਹਾਂ ਨਾਲ ਉਸ ਦਾ ਇਹ ਕਦਮ ਸਾਡੇ ਧਰਮ ਵਿਚ ਦਖ਼ਲ ਦੇਣ ਵਾਲੀ ਗੱਲ ਹੈ। ਸਾਨੂੰ ਸਮਝ ਨਹੀਂ ਆਉਂਦੀ ਕਿ ਜਿਹੜੇ ਸਮਾਚਾਰਾਂ ਨੂੰ ਅੰਗਰੇਜ਼ ਇਤਿਹਾਸਕਾਰਾਂ ਅਤੇ ਐਨੇ ਗਵਾਹਾਂ ਨੇ ਅੰਕਿਤ ਕੀਤਾ ਹੈ, ਉਹਨਾਂ ਨੂੰ ਪੰਜਾਬੀ ਰੂਪ ਵਿਚ ਪੇਸ਼ ਕੀਤਿਆਂ ਸਰਕਾਰ ਦੇ ਵਿਰੁੱਧ ਨਫ਼ਰਤ ਕਿਵੇਂ ਫੈਲ ਸਕਦੀ ਹੈ। ਮਲੇਰਕੋਟਲੇ ਦੀ ਘਟਨਾ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਦੇਸ ਗਵਨ ਤੇ ਭੈਣੀ ਸਾਹਿਬ ਪੁਲਿਸ ਦੀਆਂ ਵਧੀਕੀਆਂ ਆਦਿ ਸਮਾਚਾਰ ਕਈ ਸੱਜਣਾਂ ਦੇ ਅੱਖੀਂ ਵੇਖੇ ਤੇ ਹੱਡੀਂ ਵਾਪਰੇ ਸਮਾਚਾਰ ਹਨ। ਸਰਕਾਰ ਸਮਝਦੀ ਹੈ ਕਿ ਜੇ ਉਹ ਇਨਾਂ ਸਮਾਚਾਰਾਂ ਨੂੰ ਪ੍ਰਕਾਸ਼ਤ ਨਾ ਹੋਣ ਦੇਵਗੀ ਤਾਂ ਨਾਮਧਾਰੀ ਪੰਥ ਵਿਚ ਉਸ ਦੇ ਵਿਰੁੱਧ ਕੋਈ ਅਵਾਜ਼ ਨਹੀ ਉਠ ਸਕੇਗੀ। ਸਰਕਾਰ ਨੂੰ ਸਿਆਣਪ ਅਤੇ ਨਿਆਇ ਤੋਂ ਕੰਮ ਲੈਣਾ ਚਾਹੀਦਾ ਹੈ ਅਤੇ ਧੱਕੇ ਤੋਂ ਕੰਮ ਲੈ ਕੇ ਸਾਡੇ ਇਤਿਹਾਸਿਕ ਵਾਕਯਾਤ ਨਾਲ ਸੰਬੰਧ ਰੱਖਣ ਵਾਲੀਆਂ ਪੁਸਤਕਾਂ, ਅਕਬਾਰਾਂ ਤੇ ਟ੍ਰੇਕਟਾਂ ਨੂੰ ਜ਼ਬਤ ਕਰਨੋਂ ਸੰਕੋਚ ਕਰਨਾ ਚਾਹੀਦਾ ਹੈ।

“ਪਾਠਕਾਂ ਪ੍ਰਤੀ ਪ੍ਰਗਟ ਹੋਵੇ ਕਿ ਸੰਤ ਖਾਲਸਾ ਦੇ ਸੰਬੰਧੀ 11 ਫੱਗਣ ਨੂੰ ਸਤਿਜੁਗ ਦੇ ਪ੍ਰੈਸ ਤੇ ਪੁਲਿਸ ਨੇ ਛਾਪਾ ਵੀ ਮਾਰਿਆ ਹੈ ਤੇ ਜਿੰਨੀਆਂ ਕਾਪੀਆਂ ਪ੍ਰੈਸ ਵਿਚ ਪਈਆਂ ਸਨ, ਉਹ ਜ਼ਬਤ ਕਰ ਕੇ ਲੈ ਗਈ ਹੈ। ਭਾਈ ਹਰਨਾਮ ਸਿੰਘ ਜੀ ਨੂੰ, ਜਿਸ ਦੇ ਪਾਸੋਂ ਸੰਤ ਖਾਲਸਾ ਦੀਆਂ ਕੁੱਝ ਕਾਪੀਆਂ ਨਿਕਲੀਆਂ ਸਨ, ਪੁਲਿਸ ਨੇ ਗ੍ਰਿਫ਼ਤਾਰ ਕਰ ਕੇ ਪੰਜ ਚਾਰ ਦਿਨ ਆਪਣੀ ਹਿਰਾਸਤ ਵਿਚ ਰੱਖਿਆ ਹੈ। ”

ਨੋਟ: ਅੰਗਰੇਜ਼ ਸਰਕਾਰ ਦੇ ਸਮੀਖਿਆਕਾਰ ਵੱਲੋਂ ਕੀਤਾ ਪੁਸਤਕ ਦਾ ਇਹ ਰੀਵਿਊ ਪਹਿਲੀ ਐਡੀਸ਼ਨ ਉੱਤੇ ਆਧਾਰਿਤ ਹੈ। ਇਹ ਐਡੀਸ਼ਨ ਨਾ ਮਿਲਣ ਕਾਰਨ ਇਸ ਲੇਖਕ ਨੇ ਉਪਰੋਕਤ ਬਿਆਨ ਲਈ ਦੂਜੀ ਐਡੀਸ਼ਨ ਨੂੰ ਆਧਾਰ ਬਣਾਇਆ ਹੈ। ਦਸੰਬਰ 1958 ਵਿਚ ਸਪੈਸ਼ਲ ਪ੍ਰਿਟਿੰਗ ਪ੍ਰੈਸ, ਬਾਜ਼ਾਰ ਧੋਬੀਆਂ ਅੰਮ੍ਰਿਤਸਰ ਵਿਚ ਸ. ਮਹਿੰਦਰ ਸਿੰਘ ਪ੍ਰਿੰਟਰ ਦੇ ਯਤਨ ਨਾਲ ਛਪੀ ਇਸ ਐਡੀਸ਼ਨ ਵਿਚ ਸ਼ਾਮਲ ਚਿਤ੍ਰਾਂ ਦਾ ਵੇਰਵਾ ਇਸ ਪ੍ਰਕਾਰ ਹੈ:

ਪਹਿਲਾ ਚਿਤ੍ਰ: ਭਾਈ ਰਾਇ ਸਿੰਘ ਨੂੰ ਸਤਿਗੁਰੂ ਰਾਮ ਸਿੰਘ ਜੀ ਸ਼ੇਰ ਤੋਂ ਬਚਾ ਰਹੇ ਹਨ।
ਦੂਜਾ ਚਿਤ੍ਰ: ਸਤਿਗੁਰ ਦਰਿਆ ਦੇ ਪਾਣੀ ਪਰ ਧਰਤੀ ਦੀ ਤਰ੍ਹਾਂ ਚੱਲ ਰਹੇ ਹਨ।
ਤੀਜਾ ਚਿਤ੍ਰ: ਮਲੇਰਕੋਟਲੇ ਦੇ ਸ਼ਹੀਦ ਤੋਪਾਂ ਨਾਲ ਉਡ ਰਹੇ ਹਨ।
ਚੌਥਾ ਚਿਤ੍ਰ: ਸਤਿਗੁਰਾਂ ਦੇ ਵਿਛੋੜੇ ਦਾ ਦਰਦਨਾਖ ਦ੍ਰਿਸ਼
ਪੰਜਵਾਂ ਚਿਤ੍ਰ: ਸ੍ਰੀ 108 ਅਟੱਲ ਪ੍ਰਤਾਪੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ

ਪਹਿਲੇ ਚਾਰੇ ਚਿਤ੍ਰ ਰੰਗਦਾਰ ਹਨ ਅਤੇ ਪੰਜਵੀਂ ਕੈਮਰੇ ਦੀ ਖਿੱਚੀ ਫੋਟੋ ਸਫੈਦ ਕਾਲੇ ਰੰਗ ਵਿਚ ਹੈ।

.................................................



# ਆ ਪੰਜਾਬ ਪਿਆਰ ਤੂੰ ਮੁੜ ਆ

**ਅਮਰਜੀਤ ਸਿੰਘ ਗਰੇਵਾਲ**
**98761-38523**

ਇਹ ਕਾਵਿ ਸਤਰਾਂ ਪ੍ਰੋ. ਪੂਰਨ ਸਿੰਘ ਦੀ ਕਵਿਤਾ 'ਜਵਾਨ ਪੰਜਾਬ ਦੇ' ਵਿਚੋਂ ਲਈਆਂ ਗਈਆਂ ਹਨ, ਜੋ ਉਨ੍ਹਾਂ ਦੀ 1922 ਵਿਚ ਛਪੀ ਪੁਸਤਕ 'ਖੁਲ੍ਹੇ ਮੈਦਾਨ ਵਿਚ ਦਰਜ ਹੈ। ਜਿਸ ਪੰਜਾਬ ਬਾਰੇ ਪ੍ਰੋ. ਸਾਹਿਬ ਨੇ ਇਹ ਕਾਵਿ ਸਤਰਾਂ ਲਿਖੀਆਂ, ਉਹ ਪੰਜਾਬ ਅੱਜ ਵਾਲਾ 50,362 ਵਰਗ ਕਿਲੋਮੀਟਰ ਵਿਚ ਸੁੰਗੜਿਆ ਸਿੱਖ ਬਹੁਗਿਣਤੀ ਵਾਲਾ ਪੰਜਾਬ ਨਹੀਂ ਸੀ। ਸੁਲੇਮਾਨ ਪਹਾੜੀਆਂ ਤੋਂ ਲੈ ਕੇ ਜਮੁਨਾ ਦਰਿਆ ਤੱਕ 12 ਲੱਖ ਵਰਗ ਕਿਲੋਮੀਟਰ ਵਿਚ ਫੈਲਿਆ ਹੋਇਆ ਸਿੱਖ ਘੱਟ ਗਿਣਤੀ ਵਾਲਾ ਬਹੁ ਧਰਮੀ, ਬਹੁ ਭਾਸ਼ਾਈ ਅਤੇ ਬਹੁ ਸਭਿਆਚਾਰਕ ਸੂਬਾ ਸੀ।

ਸੰਨ 1947 ਵਿਚ ਜਦੋਂ ਪੰਜਾਬ ਦੀ ਵੰਡ ਹੋਈ, ਸਿੱਖ ਭਾਈਚਾਰੇ ਦੀ ਨੁਮਾਇੰਦਗੀ ਕਰਨ ਵਾਲੇ ਸ਼੍ਰੋਮਣੀ ਅਕਾਲੀ ਦਲ ਨੇ ਦੇਖਿਆ ਕਿ ਪੰਜਾਬ ਦੇ ਕਿਸੇ ਵੀ ਹਿੱਸੇ ਵਿਚ ਸਿੱਖਾਂ ਦੀ ਬਹੁ ਗਿਣਤੀ ਨਹੀਂ ਸੀ, ਇਸ ਲਈ ਉਹ ਸੰਪਰਦਾਇਕ ਲੀਹਾਂ ਉਪਰ ਵੰਡੇ ਜਾ ਰਹੇ ਹਿੰਦੋਸਤਾਨ ਵਿਚ ਕਿਸੇ ਵੀ ਅਜਿਹੇ ਖਿੱਤੇ ਦੀ ਨਿਸ਼ਾਨਦੇਹੀ ਨਹੀਂ ਸਨ ਕਰ ਸਕਦੇ, ਜਿਥੇ ਪਾਕਿਸਤਾਨ ਦੀਆਂ ਲੀਹਾਂ 'ਤੇ ਸਿੱਖਾਂ ਲਈ ਵੱਖਰੇ ਮੁਲਕ ਦਾ ਨਿਰਮਾਣ ਕੀਤਾ ਜਾ ਸਕਦਾ। ਸਿੱਖ ਲੀਡਰਸ਼ਿਪ ਪੰਜਾਬ ਦੀ ਵੰਡ ਅਤੇ ਜਨਸੰਖਿਆ ਦੇ ਤਬਾਦਲੇ ਲਈ ਸਹਿਮਤ ਹੋ ਗਈ। ਪੰਜਾਬ ਦੋ ਹਿੱਸਿਆਂ ਵਿਚ ਵੰਡਿਆ ਗਿਆ।ਅਣਵੰਡੇ ਪੰਜਾਬ ਦੇ 29 ਜ਼ਿਲ੍ਹਿਆਂ ਵਿਚੋਂ 16 ਜ਼ਿਲ੍ਹੇ ਪਾਕਿਸਤਾਨ ਵਿਚ ਜਾ ਕੇ ਮੁਸਲਿਮ ਪੰਜਾਬ ਵਿਚ ਰੂਪਾਂਤ੍ਰ ਹੋ ਗਏ। ਬਾਕੀ ਦੇ 13 ਜ਼ਿਲ੍ਹੇ ਭਾਰਤ ਵਿਚ ਰਹਿ ਗਏ। ਪੁਰਾਣੇ ਪੰਜਾਬ ਦੇ ਇਸ 33 ਪ੍ਰਤੀਸ਼ਤ ਹਿੱਸੇ ਅੰਦਰ ਵੀ ਸਿੱਖ ਬਹੁਗਿਣਤੀ ਵਿਚ ਨਹੀਂ ਸਨ। ਅਕਾਲੀ ਦਲ ਦੀ ਸਰਕਾਰ ਬਣਨ ਵਿਚ ਦਿੱਕਤਾਂ ਸਨ।

ਪਹਿਲੀ ਨਵੰਬਰ 1966 ਨੂੰ ਬੋਲੀ ਦੇ ਆਧਾਰ 'ਤੇ ਪੰਜਾਬ ਦੇ ਪਹਾੜੀ ਇਲਾਕਿਆਂ ਨੂੰ ਹਿਮਾਚਲ ਵਿਚ ਸ਼ਾਮਲ ਕਰ ਕੇ ਅਤੇ ਦੱਖਣੀ ਜ਼ਿਲ੍ਹਿਆਂ ਦਾ ਇਕ ਵੱਖਰਾ ਰਾਜ ਹਰਿਆਣਾ ਸਥਾਪਤ ਕਰ ਕੇ, ਅਕਾਲੀ ਦਲ ਦੀ ਮੰਗ ਤੇ ਪੰਜਾਬ ਨੂੰ ਸਿੱਖ ਬਹੁਗਿਣਤੀ ਵਾਲਾ ਪੰਜਾਬੀ ਬੋਲਦਾ ਇਕ ਭਾਸ਼ਾਈ ਸੂਬਾ ਬਣਾ ਦਿੱਤਾ ਗਿਆ। ਕੀ ਸ਼੍ਰੋਮਣੀ ਅਕਾਲੀ ਦਲ ਦੀਆਂ ਰਾਜਸੀ ਆਕਾਂਖਿਆਵਾਂ ਵਿਚੋਂ ਪੈਦਾ ਹੋਏ, ਇਸ ਨਿੱਕੇ ਜਿਹੇ ਸਿੱਖ ਬਹੁਗਿਣਤੀ ਵਾਲੇ ਖਿੱਤੇ ਨੂੰ, ਗੁਰਾ ਦੇ ਨਾਮ 'ਤੇ ਜੀਣ ਵਾਲਾ ਪੰਜਾਬ ਆਖਿਆ ਜਾ ਸਕਦਾ ਹੈ ? ਜੇ ਨਹੀਂ ਤਾਂ ਕਿਉਂ ਨਹੀਂ, ਇਹ ਕੇਵਲ ਸੁਆਲ ਹੀ ਨਹੀਂ, ਚੁਣੌਤੀ ਵੀ ਹੈ। ਨਿਰਸੰਦੇਹ ਇਹ ਸ਼੍ਰੋਮਣੀ ਅਕਾਲੀ ਦਲ ਦੁਆਰਾ ਆਪਣੀਆਂ ਸਰਕਾਰਾਂ ਦੌਰਾਨ, ਗੁਰਮਤਿ ਸਿਧਾਂਤਾਂ ਰਾਹੀਂ ਉਸਾਰਿਆ ਜਾ ਰਿਹਾ ਪੰਜਾਬ ਨਹੀਂ ਹੈ। ਪੱਛਮੀ ਉਦਾਰ ਜਮਹੂਰੀਅਤ ਦੇ ਆਧੁਨਿਕਤਾਵਾਦੀ ਸਿਧਾਂਤਾਂ ਰਾਹੀਂ ਨਿਰਮਤਿ ਹੋ ਰਿਹਾ ਪੰਜਾਬ ਹੈ। ਪਿਆਰ ਦੀ ਓਹ ਜੋਤ ਜੋ ਗੁਰਾਂ ਨੇ ਕੇਵਲ ਸਾਡੇ ਦਿਲਾਂ ਵਿਚ ਹੀ ਨਹੀਂ, ਸਗੋਂ ਪੰਜਾਬ ਦੇ ਪਹਾੜਾਂ, ਦਰਿਆਵਾਂ, ਬਨਸਪਤੀ, ਪਸ਼ੂ ਪੰਛੀਆਂ, ਜੰਗਲ ਬੇਲਿਆਂ, ਬਾਗ ਬਗੀਚਿਆਂ, ਖੇਤਾਂ, ਸੁੰਦਰ ਮੁਟਿਆਰਾਂ, ਗੱਭਰੂ ਛੈਲ ਛਬੀਲਿਆਂ, ਕਿਸਾਨਾਂ ਮਜ਼ਦੂਰਾਂ, ਆਦਿ ਸਭ ਵਿਚ ਜਗਾਈ ਜਾਂ ਜਗਾਉਣੀ ਚਾਹੀ ਸੀ, ਉਸ ਜੋਤ ਦਾ ਕੀ ਬਣਿਆ-

ਮਾਣੀਂ ਮਾਣੀਂ ਤੂੰ ਆਪਣਾ ਸਿਦਕ ਤੇ ਸਿੱਖੀ
ਮਾਣੀਂ ਤੂੰ ਆਪਣਾ ਪਿਆਰ ਉੱਚਾ
ਉਹ ਗੁਰਾਂ ਵਾਲਾ ਸਦਕੇ
ਗੰਢ ਪਾਈਂ ਇਹ ਤੂੰ ਪੀਡੀ
ਰੱਖੀਂ ਟੇਕ ਤੂੰ ਸਾਰੀ ਆਪਣੀ ਸੱਚੀ ਸਰਕਾਰ 'ਤੇ
ਜਗਾਈਂ ਜਗਾਈਂ ਉਹ ਲਾਟ, ਵੇ ਲਾਲਾ
ਬੁਝਣ ਦੇਈਂ ਨਾ ਜੋਤ ਜਿਹੜੀ
ਗੁਰਾਂ ਆਣ ਸਥਾਪੀ ਤੇਰੇ ਵਿਚ
ਦੇਖ ਜਿਹੜੀ ਬਲ ਰਹੀ ਤੇਰੇ ਦਰਿਆਵਾਂ ਦੇ ਦਿਲ ਵਿਚ
ਉਹ ਦੇਖ ਜਿਹੜੀ ਚਮਕ ਰਹੀ
ਹਿਮਾਲਾ ਦੀਆਂ ਜੋਤਾਂ ਵਿਚ

ਉਹ ਦੇਖ, ਖੋਲ੍ਹ ਦਿਲ ਦਾ ਬੂਹਾ
ਜਿਹੜੀ ਗੁਰਾਂ ਦੀ ਮਿਹਰ ਨਾਲ ਲਟ ਲਟ,
ਬਲ ਰਹੀ ਤੇਰੇ ਆਪਣੇ ਅੰਦਰ।

ਮੈਂ ਇਹ ਨਹੀਂ ਆਖ ਰਿਹਾ ਕਿ ਪੂਰਨ ਸਿੰਘ ਦੇ ਸਮਿਆਂ ਵਿਚ ਗੁਰਾਂ ਦੁਆਰਾ ਸਥਾਪੀ ਇਹ ਲਾਟ ਲਟ-ਲਟ ਬਲ ਰਹੀ ਸੀ। ਇਹ ਬਸਤੀਵਾਦ ਦਾ ਸਮਾਂ ਸੀ; ਬਲ ਵੀ ਕਿੰਝ ਸਕਦੀ ਸੀ। ਇਸੇ ਲਈ ਤਾਂ ਪੂਰਨ ਸਿੰਘ ਉਸ ਪੁਰਾਣੇ ਪੰਜਾਬ ਨੂੰ ਕੂਕਾਂ ਮਾਰ ਰਿਹਾ ਹੈ-

ਆ ਪੰਜਾਬ ਪਿਆਰ ਤੂੰ ਮੁੜ ਆ
ਆ ਸਿੱਖ ਪੰਜਾਬ ਤੂੰ ਘਰ ਆ।

ਉਹ ਉਸ ਪੰਜਾਬ ਦੇ ਨਿਰਮਾਣ ਲਈ ਹੋਕਾ ਦੇ ਰਿਹਾ ਹੈ ਜਿਥੇ ਗੁਰਾਂ ਦੁਆਰਾ ਸਥਾਪਤ ਕੀਤੀ ਆਜ਼ਾਦੀ, ਬਰਾਬਰੀ ਅਤੇ ਪਿਆਰ ਵਾਲੀ ਇਹ ਲਾਟ ਲਟ-ਲਟ ਬਲ ਸਕੇ। ਬਸਤੀਵਾਦੀ ਸਮਾਂ ਗੁਜ਼ਰ ਗਿਆ। ਅਸੀਂ ਗੁਲਾਮੀ ਦੀ ਇਕ ਕੈਦ ਵਿਚੋਂ ਨਿਕਲ ਕੇ ਦੂਜੀ ਵਿਚ ਫਸ ਗਏ ਹਾਂ। ਪਹਿਲਾਂ ਅਸੀਂ ਕਿਸੇ ਦੇ ਗੁਲਾਮ ਹੁੰਦੇ ਸੀ। ਹੁਣ ਅਸੀਂ ਆਪਣੀਆਂ ਹੀ ਆਕਾਂਖਿਆਵਾਂ ਦੇ ਗੁਲਾਮ ਹੋ ਗਏ ਹਾਂ। ਮਾਲਕ ਅਤੇ ਗੁਲਾਮ ਦੋਨੋਂ ਸਾਡੇ ਸਭਨਾਂ ਅੰਦਰ ਬਰਾਬਰ ਮੌਜੂਦ ਹਨ।

ਸਾਡਾ ਵਰਤਮਾਨ ਪੰਜਾਬ ਬਾਰੇ ਸੁਪਨਾ ਉਹ ਨਹੀਂ, ਜੋ ਸੁਪਨਾ ਪੂਰਨ ਸਿੰਘ ਨੇ ਲਿਆ। ਅਸੀਂ ਉਸ ਤਰ੍ਹਾਂ ਦੇ ਪੰਜਾਬ ਦੀ ਕਲਪਨਾ ਨਹੀਂ ਕਰਦੇ ਜਿਹੋ ਜਿਹੇ ਪੰਜਾਬ ਦੀ ਕਲਪਨਾ ਕੀਤੀ ਸੀ। ਪ੍ਰੋ. ਪੂਰਨ ਸਿੰਘ ਨੇ ਮਾਸਟਰ ਤਾਰਾ ਸਿੰਘ, ਸੰਤ ਫ਼ਤਹਿ ਸਿੰਘ, ਪ੍ਰਕਾਸ਼ ਸਿੰਘ ਬਾਦਲ ਅਤੇ ਕੈਪਟਨ ਅਮਰਿੰਦਰ ਸਿੰਘ ਵਾਂਗ ਇਮੈਜਿਨ ਕਰ ਰਹੇ ਹਾਂ। ਅਸੀਂ ਪ੍ਰੋ. ਪੂਰਨ ਸਿੰਘ ਸੁਪਨਿਆਂ ਦਾ ਨਹੀਂ, ਸਿੰਘ ਸਭਾ ਅਤੇ ਅਕਾਲੀ ਦਲ ਦੇ ਸੁਪਨਿਆਂ ਦਾ ਪੰਜਾਬ ਸਿਰਜਣਾ ਲੋਚਦੇ ਹਾਂ। ਪ੍ਰੋ. ਪੂਰਨ ਸਿੰਘ ਆਪਣੇ ਸੁਪਨਿਆਂ ਦੀ ਗੱਲ ਕਰਦੇ ਹੋਏ ਆਖਦੇ ਹਨ-

ਖਾੜ ਖਾੜ ਚੱਲਣ ਵਿਚ ਮੇਰੇ ਸੁਫ਼ਨਿਆਂ
ਪੰਜਾਬ ਦੇ ਦਰਿਆ
ਪਿਆਰ ਅੱਗ ਇਨ੍ਹਾਂ ਨੂੰ ਲੱਗੀ ਹੋਈ
ਪਿਆਰਾ ਜਪੁ ਸਾਹਿਬ ਗਾਉਂਦੇ,
ਠੰਢੇ ਤੇ ਠਾਰਦੇ, ਪਿਆਰਦੇ

ਪੋ. ਪੂਰਨ ਸਿੰਘ ਦੇ ਦਰਿਆ ਵੀ ਕੇਵਲ ਪਿਆਰਾ ਜਪੁ ਸਾਹਿਬ ਹੀ ਗਾਉਂਦਾ ਹਨ, ਪਿਆਰੀ ਗੀਤਾ ਜਾਂ ਪਿਆਰੀ ਕੁਰਾਨ ਨਹੀਂ। ਪੰਜਾਬ ਵਿਚ ਕੇਵਲ ਸਿੱਖ ਹੀ ਨਹੀਂ ਹਿੰਦੂ, ਮੁਸਲਮਾਨ, ਈਸਾਈ, ਬੋਧੀ, ਜੈਨੀ, ਆਦਿ ਵੱਖ-ਵੱਖ ਅਕੀਦਿਆਂ ਵਾਲੇ ਸਭ ਤਰ੍ਹਾਂ ਦੇ ਲੋਕ ਵਸਦੇ ਹਨ। ਫੇਰ ਕੇਵਲ ਸਿੱਖ ਪੰਜਾਬ ਦਾ ਹੋਕਾ ਹੀ ਕਿਉਂ। ਇਸ ਤਰ੍ਹਾਂ ਤਾਂ ਪੂਰਨ ਸਿੰਘ ਦੇ ਪੰਜਾਬ ਅਤੇ ਸਿੰਘ ਸਭਾ/ਅਕਾਲੀ ਦਲ ਦੇ ਪੰਜਾਬ ਵਿਚ ਕੋਈ ਅੰਤਰ ਨਹੀਂ ਰਹਿ ਜਾਂਦਾ। ਨਿਰਸੰਦੇਹ ਦੋਨੋਂ ਧਿਰਾਂ ਸਿੱਖ-ਪੰਜਾਬ ਦਾ ਹੀ ਨਿਰਮਾਣ ਕਰਨਾ ਚਾਹੁੰਦੀਆਂ ਹਨ- ਸਿੱਖ-ਚੌਧਰ ਵਾਲੇ ਪੰਜਾਬ ਦਾ। ਪਰ ਦੋਨਾਂ ਦੀ ਸਿੱਖ-ਚੌਧਰ ਦੀ ਪਰਿਭਾਸ਼ਾ ਵੱਖੋ- ਵੱਖਰੀ ਹੈ। ਪ੍ਰੋ. ਪੂਰਨ ਸਿੰਘ ਦੇ ਪ੍ਰੇਰਨਾ ਸ੍ਰੋਤ ਸਿੱਖ ਸਿਧਾਂਤ ਹਨ ਜਦੋਂ ਕਿ ਅਕਾਲੀ ਦਲ ਦੀ ਰਾਜਨੀਤੀ ਦਾ ਆਧਾਰ ਪੱਛਮ ਦੇ ਆਧੁਨਿਕਤਾਵਾਦੀ ਵਿਚਾਰਾਂ ਤੋਂ ਪ੍ਰਭਾਵਿਤ ਸਿੰਘ ਸਭਾ ਲਹਿਰ।

ਪ੍ਰੋ. ਪੂਰਨ ਸਿੰਘ ਪੰਜਾਬ ਦੇ ਵੰਨ-ਸੁਵੰਨੇ ਭਾਈਚਾਰਿਆਂ ਨੂੰ ਸਿੱਖ ਸਪਿਰਿਟ ਵਿਚ ਬੰਨ੍ਹਣਾ ਚਾਹੁੰਦੇ ਸਨ। ਇਸ ਦੇ ਉਲਟ, ਸ਼੍ਰੋਮਣੀ ਅਕਾਲੀ ਦਲ ਦਾ ਏਜੰਡਾ ਪੰਜਾਬ ਵਿਚ ਸਿੱਖ ਲੀਡਰਸ਼ਿਪ ਦੀ ਚੌਧਰ/ਹਕੂਮਤ ਸਥਾਪਤ ਕਰਨਾ ਸੀ। ਸਿੱਖ ਲੀਡਰਸ਼ਿਪ ਦੀ ਚੌਧਰ ਦਾ ਅਰਥ ਸਿੱਖ ਭਾਈਚਾਰੇ ਦੀ ਚੌਧਰ ਵੀ ਨਹੀਂ ਸੀ।

ਕੇਹੀ ਤ੍ਰਾਸਦੀ ਹੈ ਕਿ ਦੂਸਰੇ ਦੇ ਦੂਸਰੇਪਣ ਦੀ ਆਜ਼ਾਦੀ, ਬਰਾਬਰੀ ਅਤੇ ਪਿਆਰ ਲਈ ਸ਼ਹੀਦੀ ਪ੍ਰਾਪਤ ਕਰਨ ਵਾਲੇ ਗੁਰੂ ਤੇਗ਼ ਬਹਾਦਰ ਦੇ ਸਿੱਖਾਂ ਨੇ ਸਿੱਖ ਭਾਈਚਾਰੇ ਦੇ ਅੰਗਾਂ ਨੂੰ ਹੀ ਬੇਗਾਨੇ ਘੋਸ਼ਿਤ ਕਰ ਕੇ ਆਪਣੇ ਤੋਂ ਦੂਰ ਕਰਨਾ ਸ਼ੁਰੂ ਕਰ ਦਿੱਤਾ। ਧਰਤ ਲੋਕਾਈ ਦੇ ਪੁਨਰ-ਨਿਰਮਾਣ ਦਾ ਮਿਸ਼ਨ ਲੈ ਕੇ ਤੁਰੇ ਗੁਰੂ ਨਾਨਕ ਦੇ ਸਿੱਖ ਅੱਜ ਆਪਣੇ ਸਵੈ-ਨਿਰਮਾਣ ਦੇ ਪਰਾਜੈਕਟ ਤੱਕ ਸੀਮਤ ਹੋ ਕੇ ਰਹਿ ਗਏ ਹਨ।

ਸਿੱਖ ਲੀਡਰਸ਼ਿਪ ਦੇ ਨਿਰਮਾਣ ਲਈ ਸਭ ਤੋਂ ਪਹਿਲਾਂ ਤਾਂ ਸਿੱਖ ਸਿਧਾਂਤਾਂ/ਸਿੱਖ ਸਪਿਰਿਟ ਦੀ ਥਾਂ 'ਤੇ ਸਿੱਖ ਰਹਿਤ-ਮਰਯਾਦਾ ਨੂੰ ਸਿੱਖ ਪਹਿਚਾਣ ਦਾ ਆਧਾਰ ਬਣਾਇਆ ਗਿਆ। ਫੇਰ ਇਸ ਪਹਿਚਾਣ ਦੇ ਆਧਾਰ 'ਤੇ ਸਿੱਖਾਂ ਦੀ ਅੰਦਰੂਨੀ (ਆਰਥਕ-ਰਾਜਨੀਤਕ ਅਤੇ ਸਭਿਆਚਾਰਕ) ਵੰਨ-ਸੁਵੰਨਤਾ ਰੌਂਦ ਕੇ ਉਨ੍ਹਾਂ ਨੂੰ ਇਕ ਹੋਮੋਜੀਨੀਅਸ ਭਾਈਚਾਰੇ ਵਿਚ ਰੂਪਾਂਤਿਤ ਕਰ ਦਿੱਤਾ ਜਾਂਦਾ ਹੈ। ਆਪਣੇ ਆਪ ਨੂੰ ਸਹਿਜਧਾਰੀ ਸਿੱਖ ਮੰਨਣ ਵਾਲੇ ਪੰਜਾਬ ਦੇ ਉਹ ਲੋਕ ਜੋ ਇਸ ਨਵੀਂ ਸਿੰਘ ਸਭਾਈ ਪਰਿਭਾਸ਼ਾ ਵਿਚ ਫਿਟ ਨਹੀਂ ਸਨ ਬੈਠਦੇ, ਅਚਾਨਕ ਹੀ ਗ਼ੈਰ-ਸਿੱਖ ਹੋ ਕੇ 'ਹੋਰ' ਹੋ ਗਏ। ਕਿਉਂਕਿ ਪੰਜਾਬ ਵਿਚ ਇਸ ਨਵੀਂ ਪਹਿਚਾਣ

ਵਾਲੇ ਸਿੱਖਾਂ ਦੀ ਬਹੁਗਿਣਤੀ ਸੀ, ਇਸ ਲਈ ਸਿੱਖ ਸਿਧਾਂਤਾਂ/ਸਿੱਖ ਸਪਿਰਿਟ ਤੋਂ ਸੱਖਣੀ ਇਲੀਟ ਲੀਡਰਸ਼ਿਪ ਨੇ ਗਿਣਤੀ ਦੇ ਆਧਾਰ 'ਤੇ ਪੰਜਾਬ ਨੂੰ ਸਿੱਖ ਭਾਈਚਾਰੇ ਦੇ ਹੋਮਲੈਂਡ ਵਜੋਂ ਕਲਪਿਤ ਕਰਨਾ ਸ਼ੁਰੂ ਕਰ ਦਿੱਤਾ। ਅਕਾਲੀ ਦਲ ਦਾ ਸਮੁੱਚਾ ਇਤਿਹਾਸ ਅਜਿਹੇ ਖਿਤੇ/ਹੋਮਲੈਂਡ ਦੇ ਨਿਰਮਾਣ ਦਾ ਹੀ ਇਤਿਹਾਸ ਹੈ। ਸਿੱਖ ਸਪਿਰਿਟ ਨੂੰ ਦਰਕਿਨਾਰ ਕਰ ਕੇ ਉਹ ਸਿੱਖ ਬਹੁਗਿਣਤੀ ਵਾਲੇ ਪੰਜਾਬੀ ਖਿੱਤੇ ਦਾ ਨਿਰਮਾਣ ਵੀ ਕਰ ਲੈਂਦੇ ਹਨ ਪਰ ਉਹ ਖਿੱਤਾ ਸਿੱਖ ਲੀਡਰਸ਼ਿਪ ਦੀਆਂ ਝੋਲੀਆਂ ਭਰਦਾ ਭਰਦਾ ਆਪ ਹਰ ਪੱਖੋਂ ਗ਼ਰੀਬ ਅਤੇ ਨਿਮਾਣਾ ਹੁੰਦਾ ਚਲਾ ਗਿਆ।

ਪ੍ਰੋ. ਪੂਰਨ ਸਿੰਘ ਦਾ ਪਰਾਜੈਕਟ ਇਸ ਤੋਂ ਬਿਲਕੁਲ ਵੱਖਰਾ ਹੈ। ਉਹ ਵੱਖਰੀ ਤਰ੍ਹਾਂ ਦੇ ਹੈਜਮੋਨਿਕ ਪ੍ਰਵਚਨਾਂ ਦਾ ਨਿਰਮਾਣ ਕਰਦੇ ਹਨ। ਪ੍ਰੋ. ਪੂਰਨ ਸਿੰਘ ਦੇ ਪ੍ਰਵਚਨਾਂ ਦੀ ਗੱਲ ਕਰਨ ਤੋਂ ਪਹਿਲਾਂ, ਹੈਜਮਨੀ ਕੀ ਹੈ, ਇਸ ਬਾਰੇ ਸਪਸ਼ਟ ਹੋਣਾ ਜ਼ਰੂਰੀ ਹੋ ਜਾਂਦਾ ਹੈ।

ਪ੍ਰੋ. ਪੂਰਨ ਸਿੰਘ (1881-1931) ਦੇ ਸਮਕਾਲੀ ਅਨਤੋਨੀਓ ਗਰਾਮਸ਼ੀ (1891-1937) ਦੇ ਹੈਜਮਨੀ ਦੇ ਸਿਧਾਂਤ ਅਨੁਸਾਰ- ਕੋਈ ਧਿਰ ਕੇਵਲ ਇਸੇ ਲਈ ਹੀ ਸੱਤਾ ਵਿਚ ਨਹੀਂ ਟਿਕੀ ਹੁੰਦੀ ਕਿ ਉਸਨੇ ਸਬੰਧਤ ਮੁਲਕ/ਸੂਬੇ ਦੇ ਆਰਥਕ ਢਾਂਚੇ ਅਤੇ ਰਾਜ ਪ੍ਰਬੰਧ ਉਪਰ ਕਬਜ਼ਾ ਕੀਤਾ ਹੋਇਆ ਹੁੰਦਾ ਹੈ। ਉਸਨੇ ਲੋਕਾਂ ਦੇ ਮਨਾਂ ਨੂੰ ਵੀ ਕਾਬੂ ਕੀਤਾ ਹੁੰਦਾ ਹੈ। ਮਨਾਂ ਦੇ ਇਸ ਕੰਟਰੋਲ ਕਰਕੇ ਹੀ ਲੋਕ ਉਸ ਧਿਰ ਦੀਆਂ ਕਦਰਾਂ ਕੀਮਤਾਂ ਨੂੰ ਆਪਣੇ ਸਮਾਜ ਦੀ ਸਾਂਝੀ ਸੋਚ, ਆਸ਼ਿਆਂ ਅਤੇ ਮੁੱਲਾਂ ਦੇ ਰੂਪ ਵਿੱਚ ਅਪਨਾਉਂਦੇ ਹਨ। ਲੋਕਾਂ ਦੇ ਮਨਾਂ ਉਪਰ ਰਾਜ ਕਰਨ ਵਾਲੀ ਇਸ ਸਭਿਆਚਾਰਕ ਸ਼ਕਤੀ ਨੂੰ ਹੀ ਹੈਜਮਨੀ ਦਾ ਨਾਮ ਦਿੱਤਾ ਗਿਆ ਹੈ।

ਪ੍ਰੋ. ਪੂਰਨ ਸਿੰਘ ਜਾਣਦੇ ਸਨ ਕਿ ਪੰਜਾਬ ਦੇ ਨਿਰਮਿਤ ਹੋ ਰਹੇ ਆਧੁਨਿਕਤਾਵਾਦੀ ਸਮਾਜ ਵਿਚ ਘੱਟ ਗਿਣਤੀ ਸਿੱਖ ਭਾਈਚਾਰੇ ਦੀ ਓਨੀ ਦੇਰ ਤੱਕ ਚੌਧਰ ਸਥਾਪਤ ਨਹੀਂ ਹੋ ਸਕਦੀ, ਜਿੰਨੀ ਦੇਰ ਤੱਕ ਉਹ ਬਹੁ-ਧਰਮੀ, ਬਹੁ-ਜਾਤੀ, ਬਹੁ-ਭਾਸ਼ਾਈ ਅਤੇ ਬਹੁ-ਸਭਿਆਚਾਰਕ ਪੰਜਾਬੀ ਭਾਈਚਾਰੇ ਦੇ ਮਨਾਂ ਨੂੰ ਸਿੱਖ ਸਿਧਾਂਤਾਂ ਅਤੇ ਸਿੱਖ ਸਪਿਰਿਟ ਦੇ ਆਸ਼ਿਆਂ ਨਾਲ ਜਿੱਤ ਨਹੀਂ ਲੈਂਦੇ। ਗੁਰੂ ਆਸ਼ਿਆਂ ਤੋਂ ਸੇਧ ਪ੍ਰਾਪਤ ਕਰਨ ਵਾਲੇ ਪ੍ਰੋ. ਪੂਰਨ ਸਿੰਘ ਦਾ ਵਿਸ਼ਵਾਸ ਸੀ ਕਿ ਪੰਜਾਬੀ ਸਮਾਜ ਦੇ ਵਖਰੇਵਿਆਂ ਨੂੰ ਦੂਰ ਕਰਨ ਦੇ ਵਿਪਰੀਤ ਉਨ੍ਹਾਂ ਦੀ ਆਜ਼ਾਦੀ, ਬਰਾਬਰੀ ਅਤੇ ਸਨਮਾਨ ਲਈ ਪਿਆਰ ਹੀ ਮਾਰਗ ਹੈ। ਦਿਖਾਵੇ ਦਾ ਪਿਆਰ ਨਹੀਂ। ਆਪਣੀ ਹਉਮੈ ਦੀ ਆਹੂਤੀ ਦੇਣ ਵਾਲਾ ਪਿਆਰ।

ਗੁਰੂ ਤੇਗ ਬਹਾਦਰ ਜੀ, ਜਿਨ੍ਹਾਂ ਨੇ ਦੂਸਰੇ ਦੇ ਦੂਸਰੇਪਣ ਦੀ ਸੁਰੱਖਿਆ ਅਤੇ ਆਜ਼ਾਦੀ ਲਈ ਆਪਣੀ ਜਾਨ ਤੱਕ ਕੁਰਬਾਨ ਕਰ ਦਿੱਤੀ ਸੀ, ਉਨ੍ਹਾਂ ਦੇ ਸਿੱਖ ਇਨ੍ਹਾਂ ਵਖਰੇਵਿਆਂ ਨੂੰ ਮਿਟਾਉਣ ਬਾਰੇ ਭਲਾ ਸੋਚ ਵੀ ਕਿਵੇਂ ਸਕਦੇ ਸਨ। ਇਸ ਲਈ ਪ੍ਰੋ. ਸਾਹਿਬ ਪੰਜਾਬ ਅੰਦਰ ਹਰਮਨ ਪਿਆਰੇ ਕਿਰਦਾਰ ਵਾਲੀ, ਇਕ ਸਰਬ ਸਾਂਝੀ 'ਸਮੂਹਿਕ ਇੱਛਾ' ਦਾ ਨਿਰਮਾਣ ਕਰਨ ਲਈ, ਸਿੱਖ ਸਿਧਾਂਤਾਂ ਦੇ ਆਧਾਰ 'ਤੇ ਸਿੱਖ ਕੌਣ ਹੈ, ਦੀ ਪਰਿਭਾਸ਼ਾ ਨੂੰ ਵਿਸਤਾਰ ਦਿੰਦੇ ਹਨ।

ਗਰਾਮਸ਼ੀ ਸੋਚਦੇ ਸਨ ਕਿ ਕਿਸੇ ਵੀ ਸਮਾਜ ਅੰਦਰ ਆਪਣੀ ਚੌਧਰ ਦੀ ਸਥਾਪਨਾ ਲਈ ਉਸ ਸਮਾਜ ਦੀਆਂ ਸੱਭੇ ਧਿਰਾਂ ਸੰਘਰਸ਼ ਕਰਦੀਆਂ ਹਨ। ਪਰ ਸਫ਼ਲ ਉਹੋ ਧਿਰ ਹੁੰਦੀ ਹੈ ਜੋ ਹਰਮਨ ਪਿਆਰੇ ਕਿਰਦਾਰ ਵਾਲੀ ਸਮੂਹਿਕ ਇੱਛਾ ਦਾ ਨਿਰਮਾਣ ਕਰ ਲਵੇ। ਪ੍ਰੋ. ਪੂਰਨ ਸਿੰਘ ਸਿੱਖ ਸਿਧਾਂਤਾਂ ਉਪਰ ਟਿਕੀ ਸਿੱਖ ਸਪਿਰਿਟ ਦੇ ਰੂਪ ਵਿਚ ਇਕ ਅਜਿਹੀ ਆਰਗੈਨਿਕ ਵਿਚਾਰਧਾਰਾ ਦਾ ਹੀ ਨਿਰਮਾਣ ਕਰ ਰਹੇ ਸਨ, ਜੋ ਸਮੂਹ ਪੰਜਾਬੀਆਂ ਨੂੰ ਸੰਗਠਿਤ ਕਰ ਕੇ ਇਕ ਨਵੇਂ ਯੁਗ ਦਾ ਨਿਰਮਾਣ ਕਰ ਸਕੇ। ਪ੍ਰਿਥਮੀ ਦੇ ਦਰਦ ਨੂੰ ਮਹਿਸੂਸ ਕਰਨ ਵਾਲੇ ਗੁਰੂ ਨਾਨਕ ਦੇ ਸਿੱਖ ਲਈ ਪੰਜਾਬੀਅਤ ਤੱਕ ਸੀਮਤ ਹੋ ਜਾਣਾ ਭਾਵੇਂ ਕੋਈ ਵਡਿਆਈ ਵਾਲੀ ਗੱਲ ਨਹੀਂ ਸੀ- "ਬਾਬਾ ਦੇਖੈ ਧਿਆਨ ਧਰ ਜਲਤੀ ਸਭ ਪ੍ਰਿਥਮੀ ਦਿਸ ਆਈ।"

ਆਪਣੇ ਇਸ ਹੈਜਮੋਨਿਕ ਪਰਾਜੈਕਟ ਦੀ ਰੂਪ ਰੇਖਾ ਤਿਆਰ ਕਰਦੇ ਸਮੇਂ ਜਿਹੜੇ ਚਾਰ ਪਰਾਜੈਕਟਾਂ ਦੀ ਪ੍ਰੋ. ਸਾਹਿਬ ਡੂੰਘੀ ਘੋਖ ਪੜਤਾਲ ਕਰਦੇ ਹਨ, ਉਹ ਇਸ ਪ੍ਰਕਾਰ ਹਨ-ਨੰਬਰ ਇਕ, ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਸਥਾਪਨਾ ਪਿੱਛੇ ਕੰਮ ਕਰ ਰਿਹਾ ਹੈਜਮੋਨਿਕ ਪਰਾਜੈਕਟ; ਨੰਬਰ ਦੋ, ਅੰਗਰੇਜ਼ੀ ਰਾਜ ਦਾ ਬਸਤੀਵਾਦੀ ਪਰਾਜੈਕਟ; ਨੰਬਰ ਤਿੰਨ ਅੰਮ੍ਰਿਤਸਰ ਸਿੰਘ ਸਭਾ ਦੁਆਰਾ ਸਨਾਤਨੀ ਪਰੰਪਰਾ ਦੀ ਸਾਂਭ ਸੰਭਾਲ ਦਾ ਪਰਾਜੈਕਟ ਅਤੇ ਨੰਬਰ ਚਾਰ, ਪੰਜਾਬ ਦੇ ਪਿੰਡਾਂ ਦੀ ਲੋਕਧਾਰਾਈ ਪਰੰਪਰਾ। ਉਹ ਦਰਅਸਲ ਆਜ਼ਾਦੀ ਅਤੇ ਬਰਾਬਰੀ ਵਰਗੇ ਸਿੱਖ ਸਿਧਾਂਤਾਂ ਅਤੇ ਸਿੱਖ ਸਪਿਰਿਟ ਵਾਲੇ ਇਕ ਬਹੁ-ਧਰਮੀ, ਬਹੁਸੰਸਕ੍ਰਿਤਕ, ਬਹੁ-ਭਾਸ਼ਾਈ, ਅਤੇ ਬਹੁ-ਸੰਪਰਦਾਇਕ ਪੰਜਾਬ ਦਾ ਸੁਪਨਾ ਦੇਖ ਰਹੇ ਸਨ-

ਕਿਸੇ ਰੂਮੀ ਟੋਪੀ ਲਾਲ ਬੁੰਬਲ ਕਾਲੇ ਵਾਲੀ ਪਾਈ ਹੈ
ਇਹ ਕੋਈ ਈਰਾਨ ਦਾ, ਟਰਕੀ ਦਾ ਫ਼ੌਜ ਵਾਲਾ
ਕਿਸੇ ਮਲਮਲ ਦਾ ਸਾਰਾਥਾਨ,
ਵਾਂਗ ਚਿੱਟੀਆਂ ਲਹਿਰਾਂ ਸਿਰ 'ਤੇ ਲਪੇਟਿਆ
ਇਹ ਕੋਈ ਪੁਰਾਣੇ ਵੇਲੇ ਦਾ
ਸ਼ਰੀਫ਼ ਮੁਸਲਮਾਨ ਜ਼ਿਮੀਂਦਾਰ ਹੈ
ਕਿਸੇ ਦਾ ਬਨਾਰਸੀ ਦੁਪੱਟਾ ਮਾਰੇ ਗੋਟੇ ਦੀ ਝਲਕ
ਨਵਾਂ ਮਹਾਰਾਜ ਚਲਿਆ
ਮੱਥਾ ਟੇਕਣ ਸਤਿਗੁਰ ਰਾਮਦਾਸ ਨੂੰ,
ਧੰਨ ਗੁਰੂ ਰਾਮਦਾਸ ਨੂੰ
ਕਿਧਰੇ ਸੁਹਣੀ ਸਿੱਖ ਪਗੜੀ ਸਿੱਧੀ ਬੱਧੀ ਦਿਸ ਆਉਂਦੀ
ਨਵੀਆਂ ਨਵੀਆਂ ਕੁਤਰੀਆਂ
ਤੇ ਮੁੰਨੀਆਂ ਦਾਹੜੀਆਂ ਦਿਸਦੀਆਂ
ਹਿੰਦੂਆਂ ਤੇ ਮੁਸਲਮਾਨਾਂ ਦੇ ਸ਼ਰੀਫ਼ ਚਿਹਰੇ,
ਬੁੱਢੇ ਤੇ ਜਵਾਨ ਤੇ ਅੱਧਖੜ ਜਿਹੇ
ਬਜ਼ਾਰ ਵਿਚ ਗਦਵਦ ਆਪੇ ਵਿਚ
ਛੋਂਹਦੇ, ਖੜਕਦੇ, ਲੱਗਦੇ
ਸੁਹਣੇ ਨੱਕ, ਕਾਬਲੀ ਤੇ ਚੀਨੀ,
ਤੇ ਹੁਨੀ ਤੇ ਈਰਾਨੀ ਯੂਨਾਨੀ ਸਾਰੇ ਮਿਲੇ ਜੁਲੇ
ਸਭ ਗਦਗਦ ਹੁੰਦੇ ਇਸ ਚਲਦੇ ਸਮਾਜ ਵਿਚ
ਮੁਸਲਮਾਨ, ਸਿੱਖ, ਹਿੰਦੂ, ਕੋਈ ਹੋਵੇ
ਪੰਜਾਬ-ਗਲੀ ਦੀ ਸੱਚੀ ਸਜ ਸਾਰੀ,
ਇਹ ਰਲੀ ਮਿਲੀ, ਮਿਲੀ ਜੁਲੀ

ਇਸ ਵਖਰੇਵਿਆਂ ਭਰਪੂਰ ਪੰਜਾਬ ਵਿਚ ਸਿੱਖ ਚੌਧਰ ਦੀ ਸਥਾਪਨਾ ਵਾਸਤੇ ਉਹ ਪੰਜਾਬ ਨੂੰ ਅਕਾਲੀ ਦਲ ਵਾਂਗ ਛੋਟਾ ਕਰਨ ਦੀ ਥਾਂ ਸਿੱਖੀ ਨੂੰ ਮੋਕਲਾ ਕਰ ਕੇ ਸਭ ਨੂੰ ਆਪਣੀ ਬੁੱਕਲ ਵਿੱਚ ਲੈਣ ਦੇ ਹਾਮੀ ਸਨ। ਉਹਨਾਂ ਨੂੰ ਰਾਂਝਾ ਗੁਰੂ ਦਾ ਸਿੱਖ ਅਤੇ ਅਮਰੀਕੀ ਕਵੀ ਵਾਲਟ ਵ੍ਹਿਟਮੈਨ ਅਮਰੀਕਾ ਵਿਚ ਜੰਮਿਆ ਸਿੱਖ ਦਿਖਾਈ ਦਿੰਦੇ ਸਨ-

ਬਾਲ ਨਾਥ ਪਛਤਾਇਆ ਰਾਂਝੇ ਨੂੰ
ਜੋਗ ਦੇ ਕੇ ਸਤਿਗੁਰਾਂ ਦੇ ਸਿੱਖ ਨੂੰ ਹੱਥ ਰੋਇਆ।
ਆ-ਵੀਰਾ ਰਾਂਝਿਆ
ਆ-ਭੈਣੇ ਹੀਰੇ
ਸਾਨੂੰ ਛੱਡ ਨਾ ਜਾਵੋ
ਬਿਨ ਤੁਸਾਂ ਅਸੀਂ ਸੱਖਣੇ।

ਤੇਰੀ ਬਾਂਸਰੀ ਦੀ ਸੱਦ
ਅੱਗ ਪਈ ਲਾਉਂਦੀ ਹਵਾਵਾਂ ਨੂੰ, ਛਾਵਾਂ ਨੂੰ
ਦਰੱਖਤ ਵੀ ਉਠ ਸਾਰੇ ਨੱਚਦੇ
ਤੇਰੀ ਬਾਂਸਰੀ, ਇਕ ਮਨ ਸਾਰਾ, ਹੀਰ ਹੀਰ ਬੋਲਦੀ
ਆ ਹੀਰੇ! ਦੇਖ ਤੇਰੇ ਪੱਤਣ ਆਣ ਅੱਜ ਉਤਰਿਆ
ਇਕ ਪਾਤਸ਼ਾਹ ਦਿਲ ਦਾ
ਜੋਗੀਆਂ ਵਾਲੇ ਰੇਖ ਉਸਦੇ
ਕੁਝ ਅਗੰਮ ਦੇ ਲੇਖ ਉਸਦੇ,
ਇਕ ਸੁਹਣਾ ਰੱਬ ਜਿਹਾ ਆਦਮੀ।

ਹੀਰ ਨੂੰ ਉਹ 'ਤੂੰ ਧੀ ਪਾਤਸ਼ਾਹਾਂ ਦੀ ਆਖਦੇ ਹਨ ਅਤੇ ਸੋਹਣੀ ਦਾ ਬੁੱਤ ਉਹਨਾਂ ਨੂੰ ਕੌਮੀ ਨਿਸ਼ਾਨ ਪ੍ਰਤੀਤ ਹੁੰਦਾ ਹੈ।

ਮਹਾਰਾਜਾ ਰਣਜੀਤ ਸਿੰਘ ਨੇ ਵੀ ਇਸੇ ਹੈਜਮੌਨਿਕ ਪਰਾਜੈਕਟ ਰਾਹੀਂ ਸਿੱਖ ਰਾਜ ਦੀ ਸਥਾਪਨਾ ਅਤੇ ਵਿਸਤਾਰ ਕੀਤਾ ਸੀ। ਸਿੱਖ ਰਾਜ ਨੇ ਅੰਮ੍ਰਿਤਧਾਰੀ ਅਤੇ ਸਹਿਜਧਾਰੀ ਸਿੱਖਾਂ ਨੂੰ ਸਮਾਨੰਤਰ ਮਹੱਤਵ ਦਿੱਤਾ।ਉਦਾਸੀਆਂ ਅਤੇ ਨਿਰਮਲਿਆਂ ਨੂੰ ਆਪਣੇ ਵਿਸਤਾਰ ਲਈ ਦਿਲ ਖੋਲ੍ਹ ਕੇ ਗਰਾਂਟਾਂ ਦਿੱਤੀਆਂ ਗਈਆਂ। ਸਭਨਾਂ ਧਰਮਾਂ ਨੂੰ ਸਮਾਨੰਤਰ ਰੁਤਬਾ ਪ੍ਰਾਪਤ ਸੀ। ਸਿੰਘ ਸਭਾ ਦੇ ਸ਼ੁਰੂਆਤੀ ਦੌਰ ਵਿਚ ਅੰਮ੍ਰਿਤਸਰ ਸਿੰਘ ਸਭਾ ਦੀ ਵੀ ਇਹੋ ਪਾਲਿਸੀ ਸੀ। ਮਾਨੋਲਿਥਕ ਪੰਥ ਦੀ ਧਾਰਨਾ ਲਈ ਇਥੇ ਕੋਈ ਥਾਂ ਨਹੀਂ ਸੀ।

ਇਹ ਤਾਂ 1873 ਵਿਚ ਕਰਿਸ਼ਚੀਅਨ ਮਿਸ਼ਨਰੀ ਸਕੂਲ ਦੇ ਇਕ ਸਿੱਖ ਵਿਦਿਆਰਥੀ ਦੇ ਈਸਾਈ ਧਰਮ ਗ੍ਰਹਿਣ ਕਰਨ ਦੀ ਖਬਰ ਨੇ ਜਦੋਂ ਸਿੱਖ ਭਾਈਚਾਰੇ ਵਿਚ ਹਲਚਲ ਪੈਦਾ ਕੀਤੀ ਤਾਂ ਧਰਮ ਪਰਿਵਰਤਨ ਵਿਰੁੱਧ ਦਰਬਾਰ ਸਾਹਿਬ ਨਾਲ ਲਗਦੇ ਮਜੀਠੀਆਂ ਦੇ ਬੁੰਗੇ ਵਿਚ ਸਿੱਖ ਪਤਵੰਤਿਆਂ ਦੀ ਹੋਣ ਵਾਲੀ ਬੈਠਕ ਵਿਚ ਗਿਆਨੀ, ਗੰਥੀ, ਨਿਰਮਲੇ, ਉਦਾਸੀ, ਆਦਿ ਹਰ ਤਰ੍ਹਾਂ ਦੇ ਸਿੱਖ ਸ਼ਾਮਲ ਹੋਏ, ਜਿਨ੍ਹਾਂ ਨੇ ਰਲ ਕੇ ਸ੍ਰੀ ਗੁਰੂ ਸਿੰਘ ਸਭਾ ਦੀ ਸਥਾਪਨਾ ਕੀਤੀ।

ਮੁਸਲਮਾਨ ਪੀਰ ਦੀ ਦਰਗਾਹ ਉਪਰ ਸਿਜਦਾ ਕਰਨ ਵਾਲੇ ਪੰਜਾਬੀ ਬੰਦੇ, ਜੋ ਦਰਬਾਰ ਸਾਹਿਬ ਅਤੇ ਮਾਤਾ ਦੇ ਦਰਸ਼ਨਾਂ ਨੂੰ ਵੀ ਓਨੀ ਹੀ ਸ਼ਰਧਾ ਨਾਲ ਜਾਂਦੇ ਸਨ, ਵਿਚਕਾਰ ਇਨ੍ਹਾਂ ਸਿੰਘ ਸਭਾ ਅਤੇ ਆਰੀਆ ਸਮਾਜ ਵਰਗੀਆਂ ਆਧੁਨਿਕਤਾਵਾਦੀ ਲਹਿਰਾਂ ਦੇ ਪ੍ਰਭਾਵ ਅਧੀਨ ਪੰਜਾਬੀ ਬੰਦੇ ਹਿੰਦੂ, ਸਿੱਖ ਅਤੇ ਮੁਸਲਿਮ ਕੌਮਾਂ ਵਿਚ ਸੰਗਠਿਤ ਹੋਣ ਲੱਗੇ। ਕੌਮੀ ਵੰਡੀਆਂ ਦੇ ਜ਼ੋਰ ਫੜਨ ਨਾਲ

ਪੰਜਾਬ ਅਤੇ ਉਸਦੇ ਵਸੀਲਿਆਂ ਨੂੰ ਹਥਿਆਉਣ ਲਈ ਸੰਘਰਸ਼ ਸ਼ੁਰੂ ਹੋ ਗਿਆ। ਆਪੋ ਆਪਣੇ ਭਾਈਚਾਰਿਆਂ ਦੇ ਵਿਕਾਸ ਲਈ ਕੌਮੀ ਨਿਰਮਾਣ ਅਤੇ ਸੁਧਾਰ ਲਹਿਰਾਂ ਜ਼ੋਰ ਫੜਨ ਲੱਗ ਪਈਆਂ। ਵੱਖੋ ਵੱਖਰੀਆਂ ਕੌਮਾਂ ਅੰਦਰ ਆਪੋ ਆਪਣੇ ਕੌਮੀ ਰਾਜਾਂ ਦੀ ਤਾਂਘ ਜਾਗ ਪਈ। ਸਿੰਘ ਸਭਾ ਲਹਿਰ ਦੁਆਰਾ ਜਗਾਈ ਇਸੇ ਬਸਤੀਵਾਦੀ ਭਾਵਨਾ ਵਿਚੋਂ ਸ਼੍ਰੋਮਣੀ ਅਕਾਲੀ ਦਲ ਅਤੇ ਪੰਜਾਬੀ ਸੂਬਾ ਜਨਮ ਲੈਂਦੇ ਹਨ।

ਪੰਜਾਬ ਵਿਚ ਆਪਣੀ ਚੌਧਰ ਸਥਾਪਤ ਕਰਨ ਲਈ ਸਿੱਖ ਭਾਈਚਾਰੇ ਕੋਲ ਦੋ ਵਿਕਲਪ ਮੌਜੂਦ ਸਨ। ਇਕ ਸੀ ਪ੍ਰੋ. ਪੂਰਨ ਸਿੰਘ ਦੁਆਰਾ ਸੁਝਾਇਆ ਸਿੱਖ ਸਿਧਾਂਤਾਂ ਦੇ ਆਧਾਰ 'ਤੇ ਸਿੱਖ ਸਪਿਰਿਟ ਵਾਲੇ ਬਹੁ-ਧਰਮੀ, ਬਹੁ-ਭਾਸ਼ਾਈ ਅਤੇ ਬਹੁ-ਸੰਸਕ੍ਰਿਤਕ ਪੰਜਾਬ ਦਾ ਨਿਰਮਾਣ ਜਿਸ ਨੂੰ ਉਹ ਪੰਜਾਬ-ਪਿਆਰ ਅਤੇ ਸਿੱਖ-ਪੰਜਾਬ ਦਾ ਨਾਮ ਦਿੰਦੇ ਹਨ। ਦੂਸਰਾ ਸੀ ਇਕ ਅਜਿਹੇ ਸਿੱਖ ਬਹੁਗਿਣਤੀ ਵਾਲੇ ਖਿੱਤੇ ਦੀ ਸਥਾਪਨਾ ਜਿਥੇ ਸਿੱਖ ਲੀਡਰਸ਼ਿਪ ਆਪਣੀ ਹਕੂਮਤ ਸਥਾਪਤ ਕਰ ਸਕੇ। ਅਕਾਲੀ ਦਲ ਨੇ ਸਿੱਖ ਸਪਿਰਿਟ ਦੀ ਥਾਂ ਸਿੱਖ ਲੀਡਰਸ਼ਿਪ ਦੀ ਚੌਧਰ ਵਾਲਾ ਰਾਹ ਅਪਨਾਕੇ ਕੇਵਲ ਆਪਣੇ ਆਪ ਨੂੰ ਹੀ ਨਹੀਂ, ਸਗੋਂ ਪੰਜਾਬ ਅਤੇ ਪੰਜਾਬੀ ਭਾਈਚਾਰੇ ਨੂੰ ਵੀ ਇਸ ਦੀ ਮੌਜੂਦਾ ਸੰਕਟ ਮਈ ਸਥਿਤੀ ਵਿਚ ਲਿਆ ਖੜ੍ਹਾ ਕੀਤਾ ਹੈ।

ਪ੍ਰੋ. ਪੂਰਨ ਸਿੰਘ ਆਪਣੇ ਪੰਜਾਬ ਪਰਾਜੈਕਟ ਲਈ ਸਿੱਖ ਸਪਿਰਿਟ ਦੇ ਜਿਹੜੇ ਮੁੱਲਾਂ ਨੂੰ ਆਧਾਰ ਬਣਾਉਂਦੇ ਹਨ, ਉਹ ਹਨ ਆਜ਼ਾਦੀ, ਬਰਾਬਰੀ ਅਤੇ ਪਿਆਰ। ਪ੍ਰੋ. ਪੂਰਨ ਸਿੰਘ ਪੰਜਾਬੀ ਬੰਦੇ ਨੂੰ "ਅੱਖੜਖਾਂਦ, ਅਲਬੇਲੇ, ਪਿਆਰ ਵਿਚ ਗੁਲਾਮੀ ਕਰਨ ਵਾਲੇ, ਧੁਰ ਥੀਂ ਸਤਿਗੁਰਾਂ ਦੇ ਆਜ਼ਾਦ ਕੀਤੇ ਬੰਦੇ ਦੇ ਰੂਪ ਵਿਚ ਦੇਖਦੇ ਹਨ। ਉਹ ਇਸ ਆਜ਼ਾਦੀ ਨੂੰ ਪੂਰੀ ਸ਼ਿੱਦਤ ਨਾਲ ਸੈਲੀਬਰੇਟ ਵੀ ਕਰਦੇ ਹਨ-

ਮੰਨਣ ਬਸ ਇਕ ਆਪਣੀ ਜਵਾਨੀ ਦੇ ਜ਼ੋਰ ਨੂੰ
ਅੱਖੜਖਾਂਦ, ਅਲਬੇਲੇ, ਧੁਰ ਥਾਂ ਸਤਿਗੁਰਾਂ ਦੇ
ਆਜ਼ਾਦ ਕੀਤੇ ਇਹ ਬੰਦੇ
ਪੰਜਾਬ ਨਾ ਹਿੰਦੂ ਨਾ ਮੁਸਲਮਾਨ
ਪੰਜਾਬ ਸਾਰਾ ਜੀਂਦਾ ਗੁਰਾਂ ਦੇ ਨਾਮ 'ਤੇ
ਜਵਾਨ ਖੁੱਲ੍ਹੇ ਖੋਲ੍ਹੇ ਪਿਆਰਿਆਂ
ਆਜ਼ਾਦੀ ਦੇ ਪਿਆਰ ਵਿਚ
ਦੁਨੀਆਂ ਥੀਂ ਵਿਹਲੇ
ਦੀਨ ਥੀਂ ਵਿਹਲੇ
ਰਲੇ ਨਾ ਰਲੀਂਦੇ ਕਦੀ ਹੁਣ ਇਹ ਜਵਾਨ ਪੰਜਾਬ ਦੇ
ਮੰਨੇ ਨਾ ਮਨੀਂਦੇ ਕਦੀ, ਕੁਦ ਕੁਦ, ਉਛਲਦੇ, ਡੁਲ੍ਹਦੇ
ਮਰਜ਼ੀ ਦੇ ਮਾਲਕ ਇਹ
ਦਿਲ ਦੇ ਚਾਅ ਉੱਤੇ ਉੱਲਰਦੇ
ਆਜ਼ਾਦੀ ਪਈ ਠਾਠਾਂ ਮਾਰਦੀ ਮੇਰੇ ਪੰਜਾਬ ਵਿਚ।

ਪੂਰਨ ਸਿੰਘ ਦੀ ਇਹ ਵਿਅਕਤੀਗਤ ਆਜ਼ਾਦੀ ਦੂਸਰੇ ਦੇ ਦੂਸਰੇਪਣ ਦੀ ਕੀਮਤ ਉਪਰ ਹਾਸਲ ਕੀਤੀ ਆਜ਼ਾਦੀ ਨਹੀਂ। ਚੌਧਰ ਰਾਹੀਂ ਹਾਸਲ ਕੀਤੀ ਹੋਈ ਆਜ਼ਾਦੀ ਵੀ ਨਹੀਂ। ਇਹ ਤਾਂ ਪਿਆਰ, ਮੁਹੱਬਤ, ਇਸ਼ਕ ਅਤੇ ਭਾਈਚਾਰਕਤਾ ਵਿਚ ਬੱਝੀ ਹੋਈ ਉਹ ਆਜਾਦੀ ਹੈ, ਜੋ ਕੇਵਲ ਆਪਣੀ ਆਜ਼ਾਦੀ ਲਈ ਹੀ ਨਹੀਂ, ਦੂਸਰੇ ਦੀ ਆਜ਼ਾਦੀ ਲਈ ਵੀ ਜਾਨ ਦੇ ਸਕਦੀ ਹੈ।

ਜੇਕਰ ਪੂਰਨ ਸਿੰਘ ਦਾ ਪੰਜਾਬੀ ਬੰਦਾ ਬੰਧਨਾਂ ਤੋਂ ਮੁਕਤ ਹੋਣਾ ਚਾਹੁੰਦਾ ਹੈ, ਤਾਂ ਇਸ ਪਿੱਛੇ ਪਿਆਰ ਦੀ ਉਹ ਭਾਵਨਾ ਕੰਮ ਕਰਦੀ ਹੈ, ਜੋ ਉਸ ਨੂੰ ਉਦਾਰਵਾਦ ਦੇ ਰਸਤੇ ਨਹੀਂ, ਦੂਸਰਿਆਂ ਦਾ ਪਿਆਰ ਪਾਉਣ ਲਈ ਉਨ੍ਹਾਂ ਦੀ ਗੁਲਾਮੀ ਕਰਨ ਵਾਲੀ ਸਹਿਯੋਗੀ ਭਾਵਨਾ ਦੇ ਮਾਰਗ ਉਪਰ ਵੀ ਬਰਾਬਰ ਤੋਰਦੀ ਹੈ।

ਪ੍ਰੋ. ਪੂਰਨ ਸਿੰਘ ਦਾ ਇਹ ਪਰਾਜੈਕਟ ਕਿਸੇ ਹੱਦ ਤੱਕ ਉਦਾਰ ਜਮਹੂਰੀਅਤ ਦਾ ਪਰਾਜੈਕਟ ਤਾਂ ਜ਼ਰੂਰ ਸੀ, ਪਰ ਪੱਛਮੀ ਲੀਹਾਂ ਉਪਰ ਉਸਰੇ ਆਧੁਨਿਕਤਾਵਾਦੀ ਪਰਾਜੈਕਟ ਤੋਂ ਬਿਲਕੁਲ ਵੱਖਰਾ ਇਲਾਹੀ ਸੁਰਾਂ ਵਿਚ ਬੱਝਾ ਸਿੱਖ ਪਰਾਜੈਕਟ ਸੀ ਜਿਸ 'ਤੇ ਨਿੱਠ ਕੇ ਕੰਮ ਕਰਨ ਦੀ ਲੋੜ ਹੈ-

ਇਥੇ ਬਾਬੇ ਦੇ ਸ਼ਬਦ ਨੇ
ਪੱਥਰਾਂ ਨੂੰ ਪਿਘਲਾਇਆ
ਮਰਦਾਨੇ ਦੀ ਰਬਾਬ ਵੱਜੀ
ਪਰਬਤਾਂ ਸਲਾਮ ਕੀਤਾ
ਬੂਟਾ ਬੂਟਾ ਵਜਦ ਵਿਚ ਨੱਚਿਆ
ਪੰਜਾਬ ਦੀ ਮਿੱਟੀ ਦਾ ਜ਼ੱਰਾ ਜ਼ੱਰਾ ਕੰਬਿਆ ਪਿਆਰ ਵਿਚ
ਉਸੇ ਇਲਾਹੀ ਸੁਰ ਵਿਚ ਦਰਿਆ ਪਏ ਵਗਦੇ
ਇਹ ਨਵੇਂ ਸੱਜਰੇ ਬਰਫ਼ਾਨੀ ਦਰਿਆਵਾਂ ਦਾ ਦੇਸ ਹੈ
ਦਰਿਆ ਹੋ ਰਹਿਣਾ, ਦਰਿਆ ਹੋ ਜੀਣਾ,
ਇਥੇ ਇਹ ਸਤਿਗੁਰਾਂ ਦਾ ਆਦੇਸ਼ ਹੈ

ਉਤਰ-ਬਸਤੀਵਾਦੀ ਪੰਜਾਬ ਦੇ ਨਿਰਮਾਣ ਲਈ, ਉਸ ਸਮੇਂ ਸਿੱਖ ਭਾਈਚਾਰੇ ਕੋਲ ਦੋ ਹੀ ਵਿਕਲਪ ਮੌਜੂਦ ਸਨ।

**ਬਾਕੀ ਸਫ਼ਾ ਨੰ 19 'ਤੇ**



# ਗੁਰਬਾਣੀ

**ਬਲਰਾਜ ਸਾਹਨੀ**

ਸ੍ਰੀਮਤੀ ਸਤਿਆਵਤੀ ਮਲਿਕ ਹਿੰਦੀ ਦੀ ਇਕ ਸ਼੍ਰੋਮਣੀ ਸਾਹਿਤਕਾਰ ਹੈ। ਉਨ੍ਹਾਂ ਦੀਆਂ ਰਚੀਆਂ ਪੁਸਤਕਾਂ ਮਨੋਰੰਜਕ ਹੀ ਨਹੀਂ, ਉਨ੍ਹਾਂ ਵਿਚ ਇਕ ਵਿਸ਼ੇਸ਼ ਪਰੇਰਣਾਤਮਿਕ ਸ਼ਕਤੀ ਹੈ ਜੋ ਪਾਠਕਾਂ ਦੇ ਦਿਲ ਉਤੇ ਡੂੰਘਾ ਅਸਰ ਕਰਦੀ ਹੈ। ਇਸ ਤੋਂ ਇਲਾਵਾ ਉਹ ਪ੍ਰਬੀਣ ਚਿਤਰਕਾਰ ਵੀ ਹੈ, ਅਤੇ ਕਿੰਨੇ ਹੀ ਸਾਲ ਕੇਂਦਰੀ ਫ਼ਿਲਮ ਸੈਂਸਰ ਬੋਰਡ ਦੀ ਮੈਂਬਰ ਵੀ ਰਹਿ ਚੁੱਕੀ ਹੈ।

ਪਰ ਮੇਰੇ ਲਈ ਉਹ ਏਸ ਤੋਂ ਵਧ ਚੜ ਕੇ ਕੁਝ ਹੋਰ ਵੀ ਹਨ! ਮੇਰੀ ਸਕੀ ਭੂਆ ਦੀ ਲੜਕੀ, ਮੇਰੀ ਵੱਡੀ ਭੈਣ ਬਚਪਨ ਦੇ ਜ਼ਮਾਨੇ ਤੋਂ ਉਨ੍ਹਾਂ ਕੋਲੋਂ ਮੈਨੂੰ ਡੂੰਘਾ ਪਿਆਰ ਮਿਲਿਆ ਹੈ। ਮੇਰੀਆਂ ਸਾਹਿਤਕ ਰੁਚੀਆਂ ਨਿਖਾਰਨ ਵਿਚ ਵੀ ਉਨ੍ਹਾਂ ਦਾ ਬਹੁਤ ਵੱਡਾ ਹੱਥ ਹੈ। ਸੰਸਕ੍ਰਿਤ ਨਾਲ ਅਸੀਂ ਦੋਨਾਂ ਨੂੰ ਬੜਾ ਪ੍ਰੇਮ ਹੈ। ਕਾਲੀਦਾਸ ਅਤੇ ਭਵਭੂਤੀ ਦੇ ਨਾਟਕਾਂ ਨੂੰ ਇਕੱਠੇ ਬੈਠ ਕੇ ਪੜ੍ਹਨ ਦਾ ਅਸੀਂ ਆਨੰਦ ਮਾਣ ਚੁਕੇ ਹਾਂ।

ਪਿਛੇ ਜਹੇ ਉਹ ਬੰਬਈ ਆ ਕੇ ਸਾਡੇ ਕੋਲ ਠਹਿਰੇ ਹੋਏ ਸਨ। ਐਲੀਫੈਂਟਾ ਅਤੇ ਕਨੇਰੀ ਗੁਫਾਵਾਂ ਦੀਆਂ ਅਸਾਂ ਸੈਰਾਂ ਕੀਤੀਆਂ। ਜਿਥੇ ਵੀ ਜਾਂਦੇ ਸੁਹਣੀਆਂ ਚਰਚਾਵਾਂ ਛਿੜ ਪੈਂਦੀਆਂ। ਸੁਆਦ ਦੂਣਾ ਚੌਣਾ ਹੋ ਜਾਂਦਾ।

ਇਕ ਦਿਨ ਖਾਣੇ ਦੀ ਮੇਜ਼ ਉਤੇ ਬੈਠਿਆਂ ਗੁਰਬਾਣੀ ਦਾ ਜ਼ਿਕਰ ਚਲ ਪਿਆ। ਅਸੀਂ ਯਾਦ ਕਰ ਰਹੇ ਸਾਂ ਕਿਵੇਂ ਉਨ੍ਹਾਂ ਦੇ ਪਿਤਾ ਜੀ ਸਵੇਰੇ ਉਠਦਿਆਂ ਸਾਰ ਪਹਿਲਾਂ ਇਹ ਵਾਕ ਮੂੰਹੋਂ ਬੋਲਦੇ, ਸਨ, "ਜੋ ਤੁਧੁ ਭਾਵੈ ਸਾਈ ਭਲੀ ਕਾਰ, ਤੂ ਸਦਾ ਸਲਾਮਤਿ ਨਿਰੰਕਾਰ," ਅਤੇ ਮੇਰੇ ਪਿਤਾ ਜੀ, "ਪਰਵਰਦਿਗਾਰ, ਸ਼ੁਕਰ ਤੇਰੀ ਦਰਗਾਹ। ਨਾ ਉਨਾਂ ਦੇ ਪਿਤਾ ਸਿੱਖ ਸਨ ਅਤੇ ਨਾ ਮੇਰੇ ਪਿਤਾ ਜੀ ਮੁਸਲਮਾਨ। ਦੋਵੇਂ ਹਿੰਦੂ, ਪੱਕੇ ਆਰੀਆ ਸਮਾਜੀ। ਪਰ ਉਨ੍ਹਾਂ ਦੇ ਹਿਰਦੇ ਸੰਕੀਰਨਤਾ ਤੋਂ ਕਿਤਨੇ ਪਾਕ ਸਨ ?

ਭੈਣ ਜੀ ਨੇ ਕਿਹਾ, "ਬਲਰਾਜ, ਅੱਜ ਕਲ ਦਿੱਲੀ ਮੈਂ ਕਿਤਨੀ ਦੁਖੀ ਹੁੰਨੀ ਆਂ, ਤੈਨੂੰ ਦੱਸ ਨਹੀਂ ਸਕਦੀ। ਸਾਡੀ ਸੜਕ ਉਤੇ ਇਕ ਪਾਸੇ ਗੁਰਦੁਆਰੇ ਵਾਲਿਆਂ ਲਾਊਡ ਸਪੀਕਰ ਲੁਆ ਰੱਖਿਆ ਹੈ ਅਤੇ ਦੂਸਰੇ ਪਾਸੇ ਸਨਾਤਨ ਧਰਮ ਸਭਾ ਵਾਲਿਆਂ ਨੇ। ਸਵੇਰ ਦਾ ਵੇਲਾ ਸ਼ਾਂਤੀ ਅਤੇ ਚਿੰਤਨ ਦਾ ਵੇਲਾ ਹੁੰਦਾ ਹੈ ਪਰ ਇਹ ਲੋਕ ਚੀਕ-ਚਿਹਾੜੇ ਵਿਚ ਇਕ ਦੂਜੇ ਤੋਂ ਜਿੱਤਣ ਦੀ ਬਾਜ਼ੀ ਲਾ ਦੇਂਦੇ ਹਨ। ਕੀ ਰੱਬ ਨੂੰ ਯਾਦ ਕਰਨ ਦਾ ਇਹੀ ਤਰੀਕਾ ਹੈ ? ਪਰਮਾਤਮਾ ਨੂੰ ਤਾਂ ਪਰੇਮ ਸਰੂਪ ਆਖਦੇ ਹਨ। ਫੇਰ ਇਹ ਘਿਰਣਾ ਦਾ ਵਾਤਾਵਰਣ ਕਿਉਂ ਪੈਦਾ ਕੀਤਾ ਜਾਂਦਾ ਹੈ ?"

ਕੋਲ ਬੈਠੀ ਮੇਰੀ ਲੜਕੀ ਸਨੋਬਰ ਨੇ ਕਿਹਾ, "ਜਦੋਂ ਡੈਡੀ ਤੇ ਮੈਂ ਜਸਵੰਤ ਸਿੰਘ ਕੰਵਲ ਜੀ ਦੇ ਘਰ ਢੁੱਡੀਕੇ ਠਹਿਰੇ ਹੋਏ ਸਾਂ, ਓਥੇ ਵੀ ਸਵੇਰੇ ਚਹੁੰ ਪਾਸੀਂ ਲਾਊਡ ਸਪੀਕਰਾਂ ਦਾ ਰੌਲਾ ਮਚ ਜਾਂਦਾ ਸੀ। ਨੇੜ-ਤੇੜ ਦੇ ਸਾਰੇ ਪਿੰਡਾਂ ਵਿਚ ਲਾਊਡ ਸਪੀਕਰ ਗੱਜਣ ਲਗ ਪੈਂਦੇ ਸਨ। ਬੜਾ ਕੁਰੱਖਤ ਸ਼ੋਰ ਹੁੰਦਾ ਸੀ, ਨਾ ਕੋਈ ਸੁਰ ਨਾ ਲੈਅ। ਮੈਨੂੰ ਡੈਡੀ ਨੇ ਕਿਹਾ ਹੋਇਆ ਸੀ, ਵੇਖੀਂ ਪ੍ਰਭਾਤ ਵੇਲੇ ਪੰਜਾਬ ਦੇ ਪਿੰਡਾਂ ਵਿਚ ਪੰਛੀ ਕਿਤਨੀਆਂ ਸੁਹਣੀਆਂ ਬੋਲੀਆਂ ਪਾਂਦੇ ਹਨ। ਪਰ ਮੈਨੂੰ ਤਾਂ ਕੋਈ ਪੰਛੀ ਸੁਣਾਈ ਨਹੀਂ ਸੀ ਦਿੱਤਾ। ਮੈਂ ਤਾਂ ਬਸ ਲਾਊਡ ਸਪੀਕਰ ਹੀ ਸੁਣੇ ਹਨ।

ਮੈਂ ਕਿਹਾ- "ਗੁਰੂ ਨਾਨਕ ਦੇਵ ਦਾ ਵਾਕ ਹੈ, "ਅਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ।" ਪਰ ਜੇ ਬਾਬੇ ਦੇ ਚੇਲੇ" ਛੁਟਿਆਈ ਵਿਚਾਰਨ' ਤੇ ਡਟ ਜਾਣ ਤਾਂ ਬਾਬੇ ਦਾ ਕੀ ਕਸੂਰ ?

ਸਤਿਆ ਭੈਣ ਜੀ ਨੇ ਕਿਹਾ, "ਸਾਡੇ ਸਾਰੇ ਹੀ ਤਾਂ ਮਹਾਂਪੁਰਸ਼ਾਂ ਨੇ ਪ੍ਰਭਾਤ ਨੂੰ ਦਿਨ ਦਾ ਸਭ ਤੋਂ ਚੰਗਾ ਤੇ ਪਵਿੱਤਰ ਹਿੱਸਾ ਆਖਿਆ ਹੈ। ਹਿੰਦੂ ਰਿਸ਼ੀਆਂ ਨੇ ਇਹਨੂੰ ਬ੍ਰਹਮ ਮਹੂਰਤ ਆਖਿਆ, ਅਤੇ ਮੁਸਲਮਾਨ ਦਰਵੇਸ਼ਾਂ ਨੇ "ਨੂਰ ਪਾਕ" ਦਾ ਵੇਲਾ। ਪਰ ਸਵਾਲ ਤਾਂ ਇਹ ਹੈ ਕਿ ਇਨ੍ਹਾਂ ਆਪਸ ਦੇ ਦਵੈਸ਼ਾਂ ਦਾ ਕਾਰਨ ਕੀ ਹੈ ? ਇਹ ਕਿਉਂ ਖ਼ਤਮ

ਹੋਣ ਵਿਚ ਨਹੀਂ ਆਉਂਦੇ ?"

ਮੇਰੀ ਪਤਨੀ ਬੋਲੀ, ਕਿਉਂਕਿ ਸਾਰੀਆਂ ਧਾਰਮਿਕ ਸੰਸਥਾਵਾਂ ਇਕ ਵਪਾਰ ਬਣ ਗਈਆਂ ਹਨ। ਰਸੂਖ਼ ਉਨ੍ਹਾਂ ਦੇ ਹੱਥ ਨਹੀਂ ਹੁੰਦਾ ਜੋ ਆਪਣੇ ਅਸੂਲਾਂ ਦੇ ਸੱਚੇ ਹੋਣ, ਸਗੋਂ ਉਨ੍ਹਾਂ ਦੇ ਜਿਹੜੇ ਉਸ ਰਾਹੀਂ ਆਪਣੇ ਕਾਰੋਬਾਰੀ ਸਿਲਸਿਲੇ ਵਧਾਂਦੇ ਹਨ। ਹਰ ਮਜ਼੍ਹਬ ਦੇ ਜਨਮ-ਦਾਤਾ ਨੇ ਅਮੀਰਾਂ ਦੀ ਨਿੰਦਿਆ ਕੀਤੀ ਹੈ ਪਰ ਏਸ ਵੇਲੇ ਹਰ ਮਜ਼੍ਹਬ ਅਮੀਰ ਸੰਚਾਲਕਾਂ ਦੇ ਹੀ ਕਬਜ਼ੇ ਵਿਚ ਹੈ, ਅਤੇ ਉਹੀ ਆਪਣੀ ਜ਼ਿੰਦਗੀ ਦਾ ਕੋਝ ਆਪਣੀ ਧਰਮ-ਸੰਸਥਾ ਵਿਚ ਘੁਸੇੜਦੇ ਹਨ।"

ਸਤਿਆ ਭੈਣ ਜੀ ਨੇ ਮੈਨੂੰ ਪੁਛਿਆ, "ਬਲੀ, ਤੂੰ ਪੰਜਾਬੀ ਵਿਚ ਲਿਖਨਾ ਏਂ, ਗ੍ਰੰਥ ਸਾਹਿਬ ਵੀ ਪੜ੍ਹਨਾ ਏਂ। ਮੈਂ ਤੇਰੇ ਗੁਰੂ ਗੋਬਿੰਦ ਸਿੰਘ ਜੀ ਬਾਰੇ ਲਿਖੇ ਲੇਖਾਂ ਦੀ ਵੀ ਤਾਰੀਫ਼ ਸੁਣੀ ਸੀ। ਤੂੰ ਮੈਨੂੰ ਸਮਝਾ ਤਾਂ ਸਹੀ ਸਿੱਖ-ਪੰਥ ਅਤੇ ਹਿੰਦੂ-ਧਰਮ ਵਿਚ ਬੁਨਿਆਦੀ ਫ਼ਰਕ ਕੀ ਹੈ ?"

ਅਤੇ ਆਪਣੀ ਸਮਝ ਅਨੁਸਾਰ ਮੈਂ ਉਨ੍ਹਾਂ ਨੂੰ ਦੱਸਣਾ ਸ਼ੁਰੂ ਕੀਤਾ।

"ਗੱਲ ਧਰਮਾਂ ਦੀ ਨਹੀਂ ਭੈਣ ਜੀ, ਪ੍ਰਾਂਤਾਂ ਦੀ ਹੈ। ਪ੍ਰਾਚੀਨ ਭਾਰਤ ਵਿਚ, ਮਤਲਬ ਅੱਜ ਤੋਂ ਹਜ਼ਾਰ ਸਾਲ ਪਹਿਲਾਂ ਦੇ ਜ਼ਮਾਨੇ ਤੱਕ, ਸਾਰੇ ਭਾਰਤ ਵਿਚ ਹਿੰਦੂ ਧਰਮ ਈ ਪ੍ਰਚਲਤ ਸੀ, ਆਪਣੇ ਅਨੇਕ ਰੂਪਾਂਤਰਾਂ ਸਣੇ। ਕਿਤੇ ਸ਼ਿਵ, ਕਿਤੇ ਵਿਸ਼ਨੂੰ ਅਤੇ ਕਿਸੇ ਹੋਰ ਦੇਵੀ ਦੇਵਤਾ ਦੀ ਪ੍ਰਧਾਨਤਾ ਸੀ। ਸਿਰਫ਼ ਇਕ ਗੱਲ ਸਾਰਿਆਂ ਪਾਸੇ ਸਾਂਝੀ ਸੀ, ਉਹ ਇਹ ਕਿ ਸਾਰੇ ਧਾਰਮਿਕ ਅਧਿਕਾਰ ਬਾਹਮਣਾਂ ਦੇ ਅਧੀਨ ਸਨ ਅਤੇ ਉਹ ਲੋਕ ਪੂਰੀ ਤਰਾਂ ਹਾਕਮਾਂ ਨਾਲ ਰਲੇ ਹੋਏ ਸਨ। ਜਨਤਾ ਦੀ ਉਹਨਾਂ ਨੂੰ ਕੋਈ ਪਰਵਾਹ ਨਹੀਂ ਸੀ। ਜਨਤਾ ਦੀ ਸੱਭਿਅਤਾ, ਜਨਤਾ ਦੀ ਬੋਲੀ ਅਤੇ ਜਨਤਾ ਦੇ ਰਹਿਣ-ਸਹਿਣ ਨੂੰ ਉਹ ਨਫ਼ਰਤ ਦੀ ਦ੍ਰਿਸ਼ਟੀ ਨਾਲ ਵੇਖਦੇ ਸਨ। ਕਦੇ ਕੋਈ ਨੀਵੀਂ ਜ਼ਾਤ ਦਾ ਆਦਮੀ ਸ਼ਾਸਤਰ ਦਾ ਸ਼ਲੋਕ ਜਾਂ ਸੰਸਕ੍ਰਿਤ ਦਾ ਇਕ ਵਾਕ ਵੀ ਮੂੰਹੋਂ ਕੱਢਣ ਦੀ ਜੁੱਰਤ ਕਰੇ ਉਸ ਦੀ ਜ਼ਬਾਨ ਤੱਕ ਕੱਟ ਦਿੱਤੀ ਜਾਂਦੀ ਸੀ।

"ਤੇ ਫੇਰ ਅੱਜ ਤੋਂ ਹਜ਼ਾਰ ਸਾਲ ਪਹਿਲਾਂ ਮੁਸਲਮਾਨਾਂ ਦੇ ਹਮਲੇ ਸ਼ੁਰੂ ਹੋਏ। ਹਿੰਦੂਆਂ ਦੀ ਅੰਦਰੇ ਅੰਦਰ ਖੋਖਲੀ ਹੋਈ ਸਮਾਜਕ ਸ਼੍ਰਿੰਖਲਾ ਇਹਨਾਂ ਨੂੰ ਰੋਕਣ ਲਈ ਅਸਮਰਥ ਸੀ। ਨੀਵੀਆਂ ਜਾਤਾਂ ਉਪਰ ਇਤਨਾ ਜ਼ੁਲਮ ਹੋ ਚੁਕਿਆ ਸੀ ਕਿ ਉਹ ਖੱਤਰੀਆਂ ਬਾਹਮਣਾਂ ਖ਼ਾਤਰ ਲੜਨ ਨੂੰ ਉੱਕੇ ਰਾਜ਼ੀ ਨਹੀਂ ਸਨ ਅਤੇ ਬਹੁ-ਸੰਖਿਆ ਇਹਨਾਂ ਵੈਸ਼, ਸ਼ੂਦਰਾਂ ਆਦਿ ਦੀ ਹੀ ਤਾਂ ਸੀ। ਉਹ ਰਾਜ ਕਿਵੇਂ ਬਾਹਰੀ ਹਮਲਿਆਂ ਨੂੰ ਰੋਕ ਸਕਦਾ ਸੀ ਜਿਸ ਦੀ ਆਪਣੀ ਪਰਜਾ ਇਤਨੇ ਵਡੇ ਪੈਮਾਨੇ ਉਤੇ ਉਸ ਦੇ ਖ਼ਿਲਾਫ਼ ਹੋਵੇ?"

"ਅਤੇ ਇਸ ਪ੍ਰਕਾਰ ਭਾਰਤ ਵਿਚ ਮੁਸਲਿਮ ਸਲਤਨਤ ਅਤੇ ਸੱਭਿਅਤਾ ਦਾ ਸਮਾਗਮ ਹੋਇਆ। ਇਸ ਦੇ ਦੋ ਪਹਿਲੂ ਸਨ - ਇਕ ਤਾਂ ਉਹੀ ਹਾਕਮਾਨਾ ਤੇ ਜਾਬਰਾਨਾ ਪਹਿਲੂ। ਭਾਰਤੀ ਜਨਤਾ ਦੇ ਹਰ ਵਰਗ ਨੂੰ ਗਿਆਤ ਹੈ ਕਿ ਆਪਣੀ ਆਜ਼ਾਦੀ ਖੁਹਾ ਕੇ ਉਨ੍ਹਾਂ ਆਪਣੀ ਹਾਲਤ ਪਹਿਲਾਂ ਨਾਲੋਂ ਵੀ ਬਦਤਰ ਬਣਾ ਲਈ ਹੈ।

"ਦੂਸਰਾ ਪਹਿਲੂ ਇਕ ਹੋਰ ਸੀ। ਇਸਲਾਮੀ ਲਸ਼ਕਰਾਂ ਤੋਂ ਛੁੱਟ ਆਮ ਲੋਕਾਂ ਦੇ ਪਿਆਰੇ ਕੁਝ ਇਕ ਸੂਫ਼ੀ ਦਰਵੇਸ਼ ਵੀ ਆਉਂਦੇ ਸਨ, ਜਿਨ੍ਹਾਂ ਦੇ ਰੱਬ ਬਾਰੇ ਦ੍ਰਿਸ਼ਟੀ-ਕੋਣ ਬਹੁਤ ਉਦਾਰ ਅਤੇ ਵੇਦਾਂਤ ਦੇ ਫ਼ਲਸਫ਼ੇ ਨਾਲ ਮਿਲਦੇ ਜੁਲਦੇ ਸਨ, ਅਤੇ ਵੇਦਾਂਤੀ ਵਿਚਾਰ ਭਾਰਤ ਵਿਚ ਪਹਿਲਾਂ ਤੋਂ ਬੜੇ ਪ੍ਰਚਲਤ ਸਨ। ਇਸ ਸਿਧਾਂਤਕ ਮਿਸ਼ਰਣ ਦੇ ਫਲਸਰੂਪ ਭਾਰਤ ਦੇ ਹਰ ਇਕ ਪ੍ਰਾਂਤ ਵਿਚ ਇਕ ਖ਼ਾਸ ਕਿਸਮ ਦੇ ਭਗਤ, ਸੰਤ ਗੁਰੂ ਜਾਂ ਫ਼ਕੀਰ ਪ੍ਰਗਟ ਹੋਏ, ਜਿਨ੍ਹਾਂ ਜਨਤਾ ਦੇ ਡਿਗਦੇ ਹੋਏ ਹੌਂਸਲਿਆਂ ਨੂੰ ਮੁੜ ਬਹਾਲ ਕਰਨਾ ਸ਼ੁਰੂ ਕੀਤਾ। ਇਨ੍ਹਾਂ ਲੋਕਾਂ ਨੇ ਸੰਸਕ੍ਰਿਤ, ਅਰਬੀ, ਅਤੇ ਫ਼ਾਰਸੀ ਨੂੰ ਤਿਆਗ ਕੇ ਲੋਕਾਂ ਦੀ ਆਪਣੀ ਬੋਲੀ ਵਿਚ ਹਿੰਦੂ ਅਤੇ ਮੁਸਲਿਮ ਫ਼ਲਸਫ਼ੇ ਦੇ ਸਰਬੋਤਮ ਅੰਗਾਂ ਨੂੰ ਮਿਲਾ ਕੇ ਅਪੂਰਬ ਭਗਤੀ ਰਸ ਦੀ ਕਵਿਤਾ ਰਚਣੀ ਸ਼ੁਰੂ ਕੀਤੀ। ਬ੍ਰਾਹਮਣਾਂ, ਕਾਜ਼ੀਆਂ ਅਤੇ ਮੁਲਾਣਿਆਂ ਦੇ ਇਹ ਲੋਕ, ਵਿਰੋਧੀ ਸਨ, ਜ਼ਾਤ ਪਾਤ, ਊਚ ਨੀਚ ਨੂੰ ਇਹ ਨਹੀਂ ਸਨ ਮੰਨਦੇ, ਸਾਰੀ ਮਨੁੱਖਤਾ ਨੂੰ ਇਕ ਪਰਿਵਾਰ ਮੰਨਦੇ ਸਨ। ਦਿਖਾਵਟੀ ਰਸਮਾਂ ਰਿਵਾਜਾਂ ਦੇ ਇਹ ਖ਼ਿਲਾਫ਼ ਸਨ। ਇਨ੍ਹਾਂ ਲੋਕਾਂ ਨੇ ਥੋੜੇ ਚਿਰ ਵਿਚ ਹੀ ਜਨਤਾ ਦੇ ਦਿਲ ਮੋਹ ਲਏ ਅਤੇ ਜਨਤਾ ਲਈ ਜ਼ੁਲਮ 'ਤੋਂ ਮੁਕਤੀ ਹਾਸਲ ਕਰਨ ਦਾ ਰਾਹ ਰੁਸ਼ਨਾ ਦਿੱਤਾ।

"ਸਾਡੇ ਦੇਸ਼ ਦੇ ਹਰ ਪ੍ਰਾਂਤ ਵਿਚ ਇਹੋ ਜਹੇ ਭਗਤ ਸੰਤ ਪ੍ਰਗਟ ਹੋਏ। ਬੰਗਾਲ ਵਿਚ ਰਾਮਾਨੰਦ, ਚੰਡੀਦਾਸ। ਬਿਹਾਰ ਵਿੱਚ ਵਿਦਿਆਪਤੀ। ਬਨਾਰਸ ਵਿਚ ਕਬੀਰ। ਮਹਾਰਾਸ਼ਟਰ ਵਿਚ ਤੁਕਾਰਾਮ ਤੇ ਨਾਮਦੇਵ। ਗੁਜਰਾਤ ਵਿਚ ਗਿਆਨੇਸ਼ਵਰ ਅਤੇ ਅਨੇਕਾਂ ਹੋਰ।"

"ਸਾਡੇ ਪੰਜਾਬ ਵਿਚ ਗੁਰੂ ਨਾਨਕ, ਗੁਰੂ ਅਰਜਨ ਦੇਵ ਅਤੇ ਗੁਰੂ ਗੋਬਿੰਦ ਸਿੰਘ ਭਗਤੀ ਲਹਿਰ ਦੇ ਪ੍ਰਤੀਕ ਹੋਏ।"

"ਇਹ ਸੰਤ ਹਿੰਦੂ ਸਨ ਜਾ ਮੁਸਲਮਾਨ, ਕੋਈ ਨਹੀਂ ਸੀ ਕਹਿ ਸਕਦਾ। ਇਨ੍ਹਾਂ ਨੇ ਹਰ ਪਾਸਿਓਂ ਜੋ ਉਨ੍ਹਾਂ ਨੂੰ ਚੰਗਾ ਲਗਿਆ ਲੈ ਲਿਆ। ਭਾਸ਼ਾ, ਕਲਾ, ਸੰਸਕ੍ਰਿਤੀ ਨੂੰ ਇਕ ਨਵੀਂ ਅਤੇ ਉਚੇਚੀ ਪੱਧਰ ਦਿਤੀ। ਇਨ੍ਹਾਂ ਦੇ ਰਚੇ ਕਾਵਿ

ਸਥਾਨਕ ਬੋਲੀਆਂ ਦੇ ਸਾਹਿਤ ਦਾ ਅਣਮੁੱਲਾ ਖ਼ਜ਼ਾਨਾਂ ਸਨ।

"ਕੋਈ ਵੀ ਮਹਾਰਾਸ਼ਟਰੀ ਜਿਵੇਂ ਗੀਤਾ ਜਾਂ ਵੇਦ ਨੂੰ ਮੰਨਦਾ ਹੈ, ਇਵੇਂ ਹੀ ਤੁਕਾਰਾਮ ਅਤੇ ਨਾਮਦੇਵ ਦੀ ਬਾਣੀ ਨੂੰ ਪਿਆਰਦਾ ਅਤੇ ਸਨਮਾਨਦਾ ਹੈ। ਦੋਨਾਂ ਵਿਚ ਉਹ ਕੋਈ ਭੇਤ ਨਹੀਂ ਮੰਨਦਾ। ਬੰਗਾਲ, ਗੁਜਰਾਤ ਅਤੇ ਤਾਮਿਲ ਨਾਡੂ ਆਦਿ , ਪ੍ਰਾਂਤਾਂ ਵਿਚ ਵੀ ਇਹੀ ਹਾਲ ਹੈ।

ਅੱਜ ਤੋਂ ਸੌ ਵਰਾ ਪਹਿਲਾਂ ਤਕ ਪੰਜਾਬ ਵਿਚ ਵੀ ਇਵੇਂ ਈ ਸੀ। ਸਾਡੇ ਪੁਰਖੇ ਹਿੰਦੂ ਹੋਣ ਭਾਵੇਂ ਮੁਸਲਮਾਨ, ਗੁਰੂ ਬਾਬਿਆਂ, ਫ਼ਰੀਦ ਅਤੇ ਬੁੱਲੇ ਸ਼ਾਹ, ਵਰਗੇ ਦਰਵੇਸ਼ਾਂ ਨੂੰ ਸਮਾਨ ਰੂਪ ਪਿਆਰ ਕਰਦੇ ਸਨ। ਇਨ੍ਹਾਂ ਨੂੰ ਉਹ ਕੋਈ ਵਖਰੇ ਮਜ਼੍ਹਬ ਦੇ ਨਹੀਂ ਸਨ ਗਿਣਦੇ, ਸਗੋਂ ਸਮਾਜ ਦੇ ਸੁਧਾਰਕ ਅਤੇ ਸਾਂਝੀ ਕੌਮੀਅਤ ਦੇ ਉਸਾਰੂ ਦੇ ਰੂਪ ਵਿਚ ਵੇਖਦੇ ਸਨ।

"ਪਰ ਅੱਜ ਭਗਤੀ ਅਤੇ ਸੂਫ਼ੀ ਬਾਣੀ ਨੂੰ ਅਭਾਗੇ ਪੰਜਾਬ ਵਿਚ ਇਕ ਅੱਡਰੇ ਅਤੇ ਵੱਖਰੇ ਮਜ਼ਬ ਦੇ ਰੂਪ ਵਿਚ ਵੇਖਿਆ ਜਾਣ ਲਗ ਪਿਆ ਹੈ। ਹੋਰ ਕਿਸੇ ਪ੍ਰਾਂਤ ਵਿਚ ਇੰਜ ਨਹੀਂ ਹੋਇਆ ਅਤੇ ਇਸ ਦੇ ਇਤਿਹਾਸਕ ਕਾਰਨ ਹਨ।"

"ਪੰਜਾਬ ਦੀਆਂ ਗੁਰੂ ਪਾਤਸ਼ਾਹੀਆਂ ਨੇ ਸਾਰੇ ਭਾਰਤ ਦੇ ਭਗਤੀ ਅੰਦੋਲਨ ਨੂੰ ਇਕ ਸੂਰਤ ਵਿਚ ਪਰੋਣ ਦੀ ਕੋਸ਼ਿਸ਼ ਕੀਤੀ ਸੀ। ਉਹ ਭਗਤੀ ਕੇਵਲ ਆਰਾਧਨਾ ਤੀਕਰ ਸੀਮਤ ਰੱਖਣਾ ਨਹੀਂ ਸਨ ਚਾਹੁੰਦੇ। ਸਮਾਜ ਵਿਚ ਇਨਕਲਾਬ ਵੀ ਲਿਆਣਾ ਚਾਹੁੰਦੇ ਸਨ। ਉਹਨਾਂ ਦੀਆਂ ਸੋਚਾਂ ਦੇਸ਼ ਦੇ ਬਾਕੀ ਭਗਤ ਸੰਤਾਂ ਦੀ ਬਨਿਸਬਤ ਵਧੇਰੇ ਸੁਲਝੀਆਂ, ਡੂੰਘੀਆਂ ਅਤੇ ਦੂਰ-ਦਰਸ਼ੀ ਸਨ। (ਕੁਝ ਹੱਦ ਤੀਕਰ ਸ਼ਿਵਾ ਜੀ ਮਰਹਟੇ ਦੇ ਗੁਰੂ ਰਾਮਦਾਸ ਜੀ ਦੀਆਂ ਸੋਚਾਂ ਵੀ ਉਤਨੀਆਂ ਹੀ ਉਜਾਗਰ ਸਨ)। ਨਤੀਜ਼ਾ ਹੋਇਆ ਕਿ ਪੰਜਾਬ ਦੀ ਭਗਤੀ ਲਹਿਰ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ, ਮਗਰੋਂ ਇਕ ਪ੍ਰਚੰਡ ਇਨਕਲਾਬ ਦਾ ਰੂਪ ਧਾਰਨ ਕਰ ਗਈ, ਜਿਸ ਨੇ ਅੰਤ ਪੰਜਾਬੀਆਂ ਦਾ ਆਪਣਾ ਆਜ਼ਾਦ ਰਾਜ ਸਥਾਪਤ ਕੀਤਾ। ਏਸ ਰਾਜ ਨੂੰ, ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰੀ ਕਵੀ ਸ਼ਾਹ ਮੁਹੰਮਦ ਦੇ ਸ਼ਬਦਾਂ ਵਿਚ ਹਿੰਦੂ ਅਤੇ ਮੁਸਲਮਾਨ, 'ਦੋਵੇਂ ਜ਼ਾਤਾਂ' ਆਪਣਾ ਰਾਜ ਸਮਝਦੀਆਂ ਸਨ। ਖ਼ਾਲਸਾ ਪੰਜਾਬੀਆਂ ਦੇ ਸਮਾਜਿਕ ਅਤੇ ਰਾਜਨੀਤਕ ਸੰਗਠਨ ਦੀ ਬੁਨਿਆਦ ਸੀ, ਉਸ ਦਾ ਮੂਹਰਲਾ ਦਸਤਾ। ਖਾਲਸਾ ਦੀ ਵਡਿਆਈ ਇਸ ਵਿਚ ਸੀ ਕਿ ਲੋਕ-ਹਿਤ ਲਈ ਉਹ ਸਭ ਤੋਂ ਅਗੇ ਵੱਧ ਕੇ ਅਤੇ ਨਿਰਸੁਆਰਥ ਹੋ ਕੇ, ਕੁਰਬਾਨੀਆਂ ਕਰਨ ਲਈ ਤਤਪਰ ਰਹਿੰਦਾ ਸੀ।

"ਏਸ ਰਾਜ ਨੂੰ ਫਨਾ ਕਰਨ ਵਿਚ ਅੰਗਰੇਜ਼ ਨੂੰ ਜ਼ਬਰਦਸਤ ਮੁਸ਼ਕਲਾਂ ਪੇਸ਼ ਆਈਆਂ ਸਨ, ਅਤੇ ਅਜਿਹੇ ਹੱਥ-ਕੰਡੇ ਵਰਤਣੇ ਪਏ ਸਨ, ਜੋ ਖ਼ੁਦ ਅੰਗਰੇਜ਼ ਇਤਿਹਾਸਕਾਰਾਂ ਦੇ ਖ਼ਿਆਲ ਅਨੁਸਾਰ ਅੰਗਰੇਜ਼ੀ ਇਤਿਹਾਸ ਦਾ ਇਕ ਕਾਲਾ ਅਧਿਆਏ ਹਨ। ਇਸ ਕਰਕੇ ਪੰਜਾਬ ਨੂੰ ਢੇਰ ਕਰਨ ਉਪਰੰਤ ਅੰਗਰੇਜ਼ਾਂ ਦੀ ਸਭ ਤੋਂ ਵੱਡੀ ਕੋਸ਼ਿਸ਼ ਇਹੀ ਰਹੀ ਕਿ ਕਿਸੇ ਤਰਾਂ ਸਿਖਾਂ ਨੂੰ, ਅਰਥਾਤ ਪੰਜਾਬ ਦੀ ਭਗਤੀ ਲਹਿਰ ਨੂੰ ਹਿੰਦੂ ਮੁਸਲਮਾਨਾਂ ਤੋਂ ਵੱਖਰਾ ਕਰ ਕੇ ਇਕ ਅਲੱਗ ਤਬਕੇ ਦਾ ਰੂਪ ਦੇ ਦਿੱਤਾ। ਇਸ ਤਰਾਂ ਇਹ ਜਨਤਾ ਦਾ ਰਖ਼ਸ਼ਕ ਦਸਤਾ ਜਨਤਾ ਤੋਂ ਅੱਡ ਹੋ ਜਾਏਗਾ, ਅਤੇ ਇਸ ਦੀ ਇਨਕਲਾਬੀ ਅਹਿਮੀਅਤ ਖ਼ਤਮ ਹੋ ਜਾਏਗੀ। ਨਾਲ-ਨਾਲ ਪੰਜਾਬੀਆਂ ਦੀ ਸਾਂਝੀ ਕੌਮੀਅਤ ਅਤੇ ਸਾਂਝਾ ਸਭਿਆਚਾਰ ਵੀ।

"ਕਿਤਨੀ ਵੱਡੀ ਕਾਮਯਾਬੀ ਹਾਸਲ ਕੀਤੀ ਅੰਗਰੇਜ਼ ਨੇ ! ਅੱਜ ਜਿਥੇ ਬੰਗਾਲ ਦਾ ਹਰ ਹਿੰਦੂ ਮੁਸਲਮਾਨ ਰਾਮਾ ਨੰਦ, ਦਾਦੂ (ਅਸਲੀ ਨਾਂ ਦਾਊਦ) ਅਤੇ ਵਿਦਿਆਪਤੀ ਦੀ ਬਾਣੀ ਨੂੰ ਹਿੱਕ ਨਾਲ ਲਾ ਕੇ ਰੱਖਦਾ ਹੈ, ਯੂ.ਪੀ. ਦਾ ਹਰ ਹਿੰਦੂ ਮੁਸਲਮਾਨ ਕਬੀਰ, ਰਹੀਮ, ਰਸਖਾਨ, ਖੁਸਰੋ, ਮੀਰ, ਦਾਸ ਆਦਿ ਦੀ ਬਾਣੀ ਉਪਰ ਜਾਨ ਵਾਰਦਾ ਹੈ, ਓਥੇ ਨਾਨਕ, ਅਰਜਨ ਦੇਵ, ਅਤੇ ਗੋਬਿੰਦ ਸਿੰਘ ਦੀ ਬਾਣੀ ਪੰਜਾਬ ਦੇ ਹਿੰਦੂਆਂ ਮੁਸਲਮਾਨਾਂ ਲਈ ਇਕ ਪਰਾਈ ਅਤੇ ਡਰਾਉਣੀ ਚੀਜ਼ ਬਣ ਗਈ ਹੈ...।"

"ਭੈਣ ਜੀ ਇਤਨੇ ਇਕ ਚਿਤ ਹੋ ਕੇ ਸੁਣ ਰਹੇ ਸਨ ਕਿ ਮੇਰਾ ਹੌਂਸਲਾ ਹੋਰ ਵੱਧ ਗਿਆ ਗੁਰਬਾਣੀ ਦੇ ਕੁਝ ਇਕ ਉੱਤਮ ਵਾਕ ਜੋ ਮੈਨੂੰ ਕੰਠ ਸਨ, ਮੈਂ ਸੁਣਾਂਦਾ ਚਲਾ ਗਿਆ, ਅਤੇ ਉਹਨਾਂ ਦੇ ਮੂੰਹੋਂ ਆਪ-ਮੁਹਾਰੇ ਨਿਕਲ ਗਿਆ, "ਮੈਂ ਦਿੱਲੀ ਜਾ ਕੇ ਜ਼ਰੂਰ ਗ੍ਰੰਥ ਸਾਹਿਬ ਪੜਾਂਗੀ। ਜਿਹੜੀ ਬਾਣੀ ਸੁਬਹ-ਸਵੇਰੇ ਮੇਰੇ ਪਿਤਾ ਜੀ ਦੀ ਰਸਨਾ ਤੇ ਬਰਾਜਦੀ ਸੀ, ਉਹ ਅਵੱਸ਼ ਬੜੀ ਉਤਮ ਤੇ ਪਿਆਰੀ ਚੀਜ਼ ਹੋਵੇਗੀ।"

ਦੇਰ ਕਾਫ਼ੀ ਹੋ ਚੁਕੀ ਸੀ ਜਦੋਂ ਅਸੀਂ ਮੇਜ਼ ਤੋਂ ਉਠ ਕੇ ਆਪਣੇ ਸੌਣ-ਕਮਰਿਆਂ ਨੂੰ ਆਏ। ਮੇਰੀ ਲੜਕੀ ਸਨੋਬਰ ਮੇਰੇ ਪਿਛੇ ਆਈ। ਸਾਡੀਆਂ ਗੱਲਾਂ ਉਹ ਚੁਪਚਾਪ ਸੁਣਦੀ ਰਹੀ ਸੀ। ਮੈਨੂੰ ਨਹੀਂ ਸੀ ਪਤਾ ਉਸ ਦੇ ਦਿਲ ਤੇ ਵੀ ਇਤਨਾ ਅਸਰ ਪਿਆ ਹੈ। ਕਹਿਣ ਲੱਗੀ, "ਡੈਡੀ, ਗ੍ਰੰਥ ਸਾਹਿਬ ਖੋਲੇਂ, ਅਤੇ ਉਸ ਵਿਚੋਂ ਮੈਨੂੰ ਕੁਝ ਪੜ੍ਹ ਕੇ ਸੁਣਾਓ।"

ਮੈਂ ਕਿਹਾ, "ਬੇਟਾ, ਇੰਜ ਕਿਉਂ ਨਾ ਕਰੀਏ? ਮੈਂ ਤੇਰੇ ਅੱਗੇ ਰਖਦਾ ਹਾਂ, ਤੂੰ ਜਿਸ ਸਫ਼ੇ ਤੋਂ ਚਾਹਾਂ ਖੋਲ ਲੈ। ਫੇਰ

ਮੈਂ ਉਸ ਵਿਚੋਂ ਤੈਨੂੰ ਇਕ ਦੋ ਸ਼ਬਦ ਸੁਣਾ ਦਿਆਂਗਾ। ਇਹ ਬਾਣੀ ਇਕ ਅਥਾਹ ਸਾਗਰ ਵਾਂਗ ਹੈ, ਜਿਸ ਵਿਚ ਗੋਤਾ ਮਾਰਦਿਆਂ ਹੀ ਅਵੱਸ਼ ਕਈ ਮਾਣਕ ਮੋਤੀ ਲੱਭ ਜਾਂਦੇ ਹਨ। ਏਸ ਵੇਲੇ ਇਤਨਾ ਹੀ ਕਾਫ਼ੀ ਹੈ, ਕਿਉਂਕਿ ਦੇਰ ਬਹੁਤ ਹੋ ਗਈ ਹੈ।

ਬੱਚੀ ਨੇ ਮੰਨ ਲਿਆ ਅਤੇ ਜਿਸ ਸਫ਼ੇ ਉਤੇ ਉਹਨੇ ਗ੍ਰੰਥ ਸਾਹਿਬ ਖੋਲਿਆ, ਇਹ ਸ਼ਬਦ ਸਾਹਮਣੇ ਆਇਆ --

ਜਨ ਕੀ ਟਹਲ ਸੰਭਾਖਨੁ ਜਨ ਸਿਉ
ਊਠਨੁ ਬੈਠਨੁ ਜਨ ਕੈ ਸੰਗਾ
ਜਨ ਚਰ ਰਜ ਮੁਖਿ ਮਾਥੈ ਲਾਗੀ
ਆਸਾ ਪੂਰਨ ਅਨਤ ਤਰੰਗਾ॥

(ਜਨਤਾਂ ਦੀ ਸੇਵਾ, ਜਨਤਾ ਨਾਲ ਵਿਚਾਰ ਵੰਡਣੇ, ਜਨਤਾ ਨਾਲ ਉਠਣਾ ਬੈਠਣਾ ਹੀ ਜੀਵਨ ਦਾ ਸਭ ਤੋਂ ਉੱਚਾ ਆਦਰਸ਼ ਹੈ ਜਨਤਾ ਦੇ ਪੈਰਾਂ ਦੀ ਧੂੜ ਮੂੰਹ ਮੱਥੇ ਨਾਲ ਛੁਹਾਣ ਯੋਗ ਹੈ। ਜਨਤਾ ਦੇ ਅੰਗ ਸੰਗ ਰਹਿ ਕੇ ਹੀ ਆਸ਼ਾਵਾਂ ਪੂਰਨ ਹੁੰਦੀਆਂ ਹਨ, ਜੀਵਨ ਸਾਗਰ ਵਿਚ ਅਨੰਦ ਦੀਆਂ ਅਨੰਤ ਲਹਿਰਾਂ ਉਠਦੀਆਂ ਹਨ)

ਸਨੋਬਰ ਚਕਿਤ ਹੋ ਕੇ ਮੇਰੇ ਵੱਲ ਵੇਖ ਰਹੀ ਸੀ। ਅਗਲੇ ਦਿਨ ਸਵੇਰ ਨੂੰ ਮੈਂ ਸਤਿਆ ਭੈਣ ਜੀ ਨੂੰ ਇਹ ਘਟਨਾ ਸੁਣਾਈ। ਉਹਨਾਂ ਦਾ ਚਿਹਰਾ ਵੀ ਅੰਤਰੀਵ ਖ਼ੁਸ਼ੀ ਨਾਲ ਭਖ਼ ਪਿਆ। ਕਿਤਨਾ ਚਿਰ ਉਹ ਅਨੰਦ-ਵਿਭੋਰ ਹੋ ਕੇ ਇਸ ਵਾਕ ਨੂੰ ਦੁਹਰਾਂਦੇ ਰਹੇ। ਉਸ ਵੇਲੇ ਅਸੀਂ ਤੁਲਸੀ ਝੀਲ ਦੇ ਕੰਢੇ ਬੈਠੇ ਕੁਦਰਤ ਦਾ ਨਜ਼ਾਰਾ ਵੇਖ ਰਹੇ ਸਾਂ, ਅਤੇ ਕੋਈ ਲਾਊਡ ਸਪੀਕਰ ਵੀ ਨਹੀਂ ਸੀ ਵੱਜ ਰਿਹਾ।

..............................................

## ਆ ਪੰਜਾਬ ਪਿਆਰ ਤੂੰ ਮੁੜ ਆ

ਇਕ ਸੀ ਪ੍ਰੋ. ਪੂਰਨ ਸਿੰਘ ਦੁਆਰਾ ਸੁਝਾਇਆ ਸਿੱਖ ਸਿਧਾਂਤਾਂ ਦੇ ਆਧਾਰ 'ਤੇ ਸਿੱਖ ਸਪਿਰਿਟ ਵਾਲੇ ਬਹੁ-ਧਰਮੀ, ਬਹੁ-ਭਾਸ਼ਾਈ ਅਤੇ ਬਹੁ-ਸੰਸਕ੍ਰਿਤਕ ਪੰਜਾਬ ਦਾ ਨਿਰਮਾਣ ਜਿਸ ਨੂੰ ਉਹ ਪੰਜਾਬ-ਪਿਆਰ ਅਤੇ ਸਿੱਖ-ਪੰਜਾਬ ਦਾ ਨਾਮ ਦਿੰਦੇ ਹਨ। ਦੂਸਰਾ ਸੀ, ਇਕ ਅਜਿਹੇ ਸਿੱਖ ਬਹੁਗਿਣਤੀ ਵਾਲੇ ਖ਼ਿੱਤੇ ਦੀ ਸਥਾਪਨਾ ਜਿਸ ਨੂੰ ਲੀਡਰਸ਼ਿਪ ਆਪਣੀ ਹਕੂਮਤ ਸਥਾਪਤ ਕਰ ਸਕੇ। ਅਕਾਲੀ ਦਲ ਨੇ ਸਿੱਖ ਸਪਿਰਿਟ ਦੀ ਥਾਂ, ਪੰਜਾਬ ਨੂੰ ਵੱਢ ਟੁੱਕ ਕੇ ਸਿੱਖ ਲੀਡਰਸ਼ਿਪ ਦੀ ਚੌਧਰ ਵਾਲਾ ਰਾਹ ਅਪਨਾਇਆ। ਪੰਜਾਬ ਅਤੇ ਪੰਜਾਬੀ ਭਾਈਚਾਰੇ ਦੀ ਮੌਜੂਦਾ ਸੰਕਟਮਈ ਸਥਿਤੀ ਬਿਆਨ ਕਰਦੀ ਹੈ ਕਿ ਸਾਡੀ ਇਹ ਚੋਣ ਠੀਕ ਨਹੀਂ ਸੀ।


ਸਿੱਖ ਸਪਿਰਿਟ ਵਾਲਾ ਬਹੁ-ਧਰਮੀ ਅਤੇ ਬਹੁ-ਸਭਿਆਚਾਰਕ ਪੰਜਾਬ ਹੀ ਕਿਉਂ : ਆਧੁਨਿਕਤਾਵਾਦੀ ਸੋਚ ਵਾਲਾ ਧਰਮ-ਨਿਰਪੱਖ ਪੰਜਾਬ ਕਿਉਂ ਨਹੀਂ ? ਜਿਥੇ ਸਿੱਖ ਸਪਿਰਿਟ ਦੂਸਰੇ ਦੇ ਦੂਸਰੇਪਣ ਲਈ ਵਿਗਸਣ ਦੀਆਂ ਸੰਭਾਵਨਾਵਾਂ ਜਗਾ ਕੇ, ਬਹੁਭਾਂਤੀ ਸਮਾਜ ਨੂੰ ਸੰਵਾਦੀ-ਵਿਕਾਸ ਦੇ ਰਾਹੇ ਪਾਉਂਦੀ ਹੈ; ਉਥੇ ਧਰਮ ਨਿਰਪੱਖ ਸੋਚ ਇਨਾਂ ਵਖਰੇਵਿਆਂ ਨੂੰ ਨਜ਼ਰਅੰਦਾਜ਼ ਕਰ ਕੇ, ਸਮਾਜ ਵਿਚ ਮੌਜੂਦ ਵਿਭਿੰਨ ਧਿਰਾਂ ਨੂੰ ਕੰਪੀਟੀਸ਼ਨ ਅਤੇ ਵਿਵਾਦੀ-ਹਿੰਸਾ ਦੇ ਰਾਹੇ ਪਾ ਦਿੰਦੀ ਹੈ। ਜ਼ੀਜ਼ੇਕ ਸੱਚ ਆਖਦੇ ਹਨ ਕਿ ਫ਼ਿਰਕੂ ਚੇਤਨਾ ਨੂੰ ਧਰਮ-ਨਿਰਪੱਖਤਾ ਅਤੇ ਕੌਮੀ ਨਿਰਮਾਣ ਦੀਆਂ ਧਾਰਨਾਵਾਂ ਤੋਂ ਅਲਹਿਦਾ ਕਰ ਕੇ ਦੇਖਿਆ ਹੀ ਨਹੀਂ ਜਾ ਸਕਦਾ।

ਇਹ ਸੁਆਲ ਵੀ ਕੀਤਾ ਜਾ ਸਕਦਾ ਹੈ ਕਿ ਜੋ ਗਲਤੀ ਹੋਈ, ਉਹ ਤੇ ਹੋ ਗਈ। ਹੁਣ ਕੀ ਕੀਤਾ ਜਾਵੇ ? ਕੀ ਪ੍ਰੋ. ਪੂਰਨ ਸਿੰਘ ਦੀਆਂ ਲੀਹਾਂ ਤੇ ਪੰਜਾਬ ਦਾ ਪੁਨਰ-ਨਿਰਮਾਣ ਸੰਭਵ ਹੈ ? ਬਿਲਕੁਲ ਹੈ। ਪੰਜਾਬ ਕੇਵਲ ਉਹ ਹੀ ਨਹੀਂ, ਜੋ ਅਕਾਲੀ ਲੀਡਰਸ਼ਿਪ ਨੇ ਆਪਣੇ ਸੁਪਨਿਆਂ ਦੀ ਪੂਰਤੀ ਲਈ ਕਾਂਟ-ਛਾਂਟ ਕਰ ਕੇ ਘੜਿਆ ਸੀ। ਪੰਜਾਬ ਸਾਰੀ ਦੁਨੀਆ ਵਿਚ ਫੈਲਿਆ ਹੋਇਆ ਹੈ। ਦੁਨੀਆ ਨੂੰ ਕੌਮੀ-ਰਾਜਾਂ ਵਿਚ ਵੰਡਣ ਵਾਲੀਆਂ ਚਾਰਦੀਵਾਰੀਆਂ ਵਿਚ ਆਪਣੇ ਹਿੱਸੇ ਦੇ ਛੇਦ ਕਰ ਕੇ ਸੰਚਾਰ, ਸੰਵਾਦ ਅਤੇ ਸਹਿਯੋਗ ਦੀਆਂ ਨਵੀਆਂ ਸੰਭਾਵਨਾਵਾਂ ਰਾਹੀਂ ਪੰਜਾਬ ਨੇ ਕੇਵਲ ਆਪਣੇ ਆਪ ਨੂੰ ਹੀ ਪੁਨਰ-ਨਿਰਮਿਤ ਨਹੀਂ ਕਰਨਾ, ਸਗੋਂ ਦੁਨੀਆ ਦੇ ਪੁਨਰ-ਨਿਰਮਾਣ ਵਿਚ ਵੀ ਬਣਦਾ ਯੋਗਦਾਨ ਪਾਉਣਾ ਹੈ।

ਸਾਂਝੇ ਨੈਟਵਰਕ ਵਿਚ ਬੱਝੇ, ਦੁਨੀਆ ਭਰ ਦੇ ਬਹੁ-ਭਾਂਤੀ ਅਤੇ ਬਹੁ-ਸਥਾਨੀ ਪੰਜਾਬੀਆਂ ਉਪਰ, ਹੁਣ ਇਕ ਵਾਰ ਫਿਰ ਤੋਂ ਪੰਜਾਬ ਦੇ ਪੁਨਰ-ਨਿਰਮਾਣ ਦੀ ਨਵੀਂ ਜ਼ਿੰਮੇਵਾਰੀ ਆ ਪਈ ਹੈ। ਨਵੀਆਂ ਚੁਣੌਤੀਆਂ/ਸਮੱਸਿਆਵਾਂ ਦੇ ਸਮਾਧਾਨ ਲਈ, ਪੰਜਾਬ ਦੀ ਪੁਨਰ-ਸਿਰਜਣਾ ਵਾਸਤੇ, ਕਿਸ ਕਿਸਮ ਦੀ ਸੋਚ, ਕਿਹੋ ਜਿਹੀ ਲੀਡਰਸ਼ਿਪ ਅਤੇ ਕਿੱਦਾਂ ਦੀਆਂ ਸੰਸਥਾਵਾਂ ਦੀ ਲੋੜ ਰਹੇਗੀ, ਇਸ ਬਾਰੇ ਡੂੰਘੀ ਸੋਚ ਵਿਚਾਰ ਕਰਨੀ ਹੋਵੇਗੀ।

..............................................

# ਬੀਤੇ ਦੀਆਂ ਪੈੜਾਂ



**(ਅਣਛਪਿਆ-ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

**2 ਜਨਵਰੀ 1987**

ਸਾਹਮਣੇ ਦਿਸਦੀ ਟੀ. ਵੀ. ਉੱਤੇ ਵੀਡੀਓ ਫਿਲਮ ਦਾ ਇੱਕ ਐਸਾ ਦ੍ਰਿਸ਼ ਵੀ ਸੀ ਕਿ ਥਾਈ ਸਿੱਖਾਂ ਦਾ ਜਥੇਦਾਰ ਜਿਸਨੂੰ ਇੰਦਰ ਸਿੰਘ ਨਾਮ ਦਿੱਤਾ ਗਿਆ ਹੈ, ਸੱਚੇ ਪਾਤਸ਼ਾਹ ਜੀ ਨਾਲ ਸਫੈਦ ਬਸਤਰ ਤੇ ਸਿੱਖੀ ਸਫੈਦ ਦਸਤਾਰ ਨਾਲ ਸਜਿਆ ਬੈਠਾ ਹੈ, ਬੇ ਵਾਲ ਠੋਡੀ, ਮਝੋਲਾ ਜਿਹਾ ਕੱਦ।

ਜਾਪਦਾ ਹੈ ਕਿ ਸਤਿਗੁਰੂ ਜੀ ਨੇ ਮੂਲ ਨਾਮਧਾਰੀਆਂ ਪਾਸ ਭਾਵਨਾ ਦੀ ਇੱਕ ਵੱਡੀ ਰੇਖਾ ਖਿੱਚ ਦਿੱਤੀ ਹੈ। ਇੱਕ ਦ੍ਰਿਸ਼ ਵਿੱਚ ਮੈਂ ਇੱਕ ਥਾਈ ਪਿੰਡ ਵਿੱਚ ਆਮ ਲੋਕਾਂ ਨੂੰ ਚਿੱਟੇ ਸਿਲੇ ਕੱਪੜੇ ਨਾਮਧਾਰੀ ਕਾਟ ਦੇ ਅਤੇ ਪੰਜਾਬੀ ਪਹਿਰਾਵੇ ਪਹਿਨਦਿਆਂ ਵੇਖਿਆ। ਕਈ ਮਰਦਾਂ ਨੇ ਅਨਜਾਣ ਪੁਣੇ ਵਿੱਚ ਜਨਾਨਾ ਸੁਥਣਾਂ ਸਲਵਾਰਾਂ ਪਾ ਲਈਆਂ, ਕਿਸੇ ਕਿਸੇ ਔਰਤਾਂ ਵਾਲੇ ਕੁਰਤੇ ਪਹਿਨ ਲਏ। ਪਿੰਡ ਦੇ ਥਾਈ ਇਸਤਰੀ ਪੁਰਸ਼ ਇਸ ਮੁਫ਼ਤ ਵਸਤਰ ਭੰਡਾਰ ਚੋਂ ਮਨ ਪਸੰਦ ਕੱਪੜੇ ਚੁਣ ਕੇ ਬੜੇ ਪ੍ਰਸੰਨ ਦਿਸਦੇ ਸਨ।

ਸ੍ਰੀ ਸਤਿਗੁਰੂ ਜੀ ਬਚਨ ਕੀਤਾ : 400 ਥਾਈ ਚੇਲਿਆਂ ਵਾਲਾ ਆਗੂ ਮਹਿੰਦਰ ਸਿੰਘ ਅੰਮ੍ਰਿਤਸਰੀ ਦੇ ਸੰਪਰਕ ਵਿੱਚ ਹੈ ਅਤੇ ਉਹ ਭਜਨ ਪੁੱਛ ਚੁੱਕੇ ਥਾਈ ਨਾਮਧਾਰੀਆਂ ਨੂੰ ਪਾਣੀ ਨਾਲ ਭਿੱਜੀ ਬੁਹਕਰ ਦੇ ਛਿੱਟੇ ਮਾਰਕੇ ਅਸ਼ੀਰਵਾਦ ਨਹੀਂ ਦਿੰਦਾ।

**ਫ਼ੋਨ ਸੰਪਰਕ –** ਕੱਲ੍ਹ ਦਾ, ਸੇਠ ਹਰਮਹਿੰਦਰ ਸਿੰਘ ਚਾਵਲਾ ਨਾਲ ਬੈਂਕੋਕ ਵਿੱਚ ਫੋਨ ਸੰਪਰਕ ਕੀਤਾ ਜਾ ਰਿਹਾ ਹੈ। ਵਿਚਾਰੇ ਮਨਚੰਦੇ ਦੀਆਂ ਉਂਗਲਾਂ ਨੇ ਅਨੇਕਾਂ ਵਾਰ ਨੰਬਰ ਘੁਮਾਏ ਹਨ, ਸ਼ਾਇਦ ਉਹ ਅੱਜ, ਸਤਿਗੁਰੂ ਜੀ ਦੇ ਪ੍ਰਸ਼ਾਦ ਛਕਣ ਉਪਰੰਤ ਸੰਪਰਕ ਵਿੱਚ ਆ ਸਕੇ। ਮਨਚੰਦਾ ਨੇ ਸਤਿਗੁਰੂ ਜੀ ਤੋਂ ਆਗਿਆ ਲਈ ਸੀ ਕਿ ਸੇਠ ਹਰਮਹਿੰਦਰ ਸਿੰਘ ਚਾਵਲਾ ਨੂੰ ਹੁਣ ਭਾਰਤ ਵਿੱਚ ਬੁਲਾਇਆ ਜਾਵੇ। ਸੰਭਵ ਹੈ ਸੇਠ ਤਰਲੋਕ ਸਿੰਘ ਦੇ ਕਸੇ ਵਿਹਾਰ ਦੀ ਗੁੱਥੀ ਨੂੰ ਸੁਲਝਾਣਾ ਹੋਵੇ।

**ਹਰਨਾਮ ਸਿੰਘ ਮਾਂਗਾ ਸੁਰਗਵਾਸ –** ਸ. ਹਰਮੀਤ ਸਿੰਘ ਚੇਅਰਮੈਨ ਐਲਨਾਬਾਦ ਬਲਾਕ ਸਮਿਤੀ, ਵਾਸੀ ਜੀਵਨ ਨਗਰ ਨੇ ਦੱਸਿਆ ਕਿ ਗੁਰੂ ਘਰ ਦੇ ਪ੍ਰੀਤਵਾਨ, ਜ਼ਿਲ੍ਹਾ ਲਾਹੌਰ ਦੇ ਪ੍ਰਸਿੱਧ ਪਿੰਡ ਮਾਂਗਾ ਦੇ ਜੰਮਪਲ ਅੱਜਕਲ੍ਹ ਕਰੀਵਾਲੇ (ਸਰਸਾ) ਨਿਵਾਸ ਰੱਖਦੇ ਸੰਤ ਹਰਨਾਮ ਸਿੰਘ (80 ਦੇ ਲਾਗੇ ਚਾਗੇ) 30-12-86 ਨੂੰ ਸੁਰਗਵਾਸ ਹੋ ਗਏ। ਉਹਨਾਂ ਅੰਮ੍ਰਿਤ ਵੇਲੇ ਸ਼ਨਾਨ ਕਰ ਭਜਨ ਬਾਣੀ ਕਰਦਿਆਂ ਇਸ ਦਿਨ 9 ਵਜੇ ਸਵੇਰੇ ਪ੍ਰਾਣ ਤਿਆਗੇ। ਇਲਾਕੇ ਵਿੱਚ ਵੀ ਉਨ੍ਹਾਂ ਦਾ ਅੱਛਾ ਰਸੂਖ ਸੀ। ਬਾਗ ਪਰਵਾਰ ਪੱਛਮੀ ਕਰੀਵਾਲਾ ਵਿਖੇ ਰਹਿੰਦਾ ਹੈ।

**ਮਸੈਕੇ ਵਾਲੀਏ ਵੀ ਦੇਹ ਤਿਆਗੀ –** ਸਰੀਰਕ ਵਿਛੋੜੇ ਦੀ ਦੂਜੀ ਖਬਰ ਹਰਮੀਤ ਸਿੰਘ ਨੇ ਇਹ ਦਿੱਤੀ ਕਿ ਅੰਮ੍ਰਿਤਸਰ ਕਲਾਂ (ਸਰਸਾ) ਦੇ ਨੰਬਰਦਾਰ ਸੰਤ ਗੁਰਦਿਆਲ ਸਿੰਘ ਮਸੈਕੇ ਵਾਲੀਏ 29-12-86 ਨੂੰ ਪੂਰੇ ਹੋ ਗਏ। ਉਨ੍ਹਾਂ ਦਾ ਸਸਕਾਰ 30-12-86 ਨੂੰ ਕੀਤਾ ਗਿਆ। ਗੁਰਦਿਆਲ ਸਿੰਘ ਜੀ ਗੁਰੂ ਘਰ ਦੇ ਚੰਗੇ ਸੇਵਕ ਸਨ। ਪਿਛਲੇ ਕਾਫ਼ੀ ਸਾਲ ਉਨ੍ਹਾਂ ਭੈਣੀ ਸਾਹਿਬ ਵਿਖੇ ਜ਼ਿਮੇਵਾਰੀ ਭਰੀਆਂ ਸੇਵਾਵਾਂ ਨਿਭਾਈਆਂ ਸਨ ਪਰ ਕੁਛ ਅਰਸੇ ਤੋਂ ਉਹ ਆਪਣੇ ਪਿੰਡ ਅੰਮ੍ਰਿਤਸਰ ਕਲਾਂ ਵਿਖੇ ਹੀ ਰਹਿੰਦੇ ਸਨ।

**ਸਤਿਗੁਰੂ ਦਰਸ਼ਨ –** ਸੱਚੇ ਪਾਤਸ਼ਾਹ 11 ਵਜੇ ਸੁਰਿੰਦਰ ਸਿੰਘ ਮਨਚੰਦਾ ਦੇ ਘਰੋਂ ਸੇਵਕਾਂ ਅਤੇ ਅੰਗ ਰੱਖਿਅਕਾਂ ਨਾਲ

ਕੋਠੀ ਪੂਸਾ ਰੋਡ ਪਹੁੰਚੇ। ਆਉਂਦਿਆਂ ਹੀ ਇਸ਼ਨਾਨ ਕਰ ਲਿਆ ਅਤੇ ਪ੍ਰਸ਼ਾਦ ਛਕ ਲਿਆ। ਦਿੱਲੀ ਅਤੇ ਜੀਵਨ ਨਗਰ ਦੀਆਂ ਐਗਜ਼ੈਕਟਿਵਾਂ ਕੋਲ ਸਨ।

**ਤਰਸੇਮ ਸਿੰਘ ਨੇ ਦੱਸਿਆ –** ਸੰਤ ਤਰਸੇਮ ਸਿੰਘ ਤੋਂ ਪਤਾ ਲੱਗਾ ਕਿ ਰਮੇਸ਼ ਨਗਰ ਆਸਾ ਦੀ ਵਾਰ ਪਿੱਛੋਂ ਵੀ ਸਤਿਗੁਰੂ ਜੀ ਨੇ ਸੰਤ ਹਜ਼ਾਰਾ ਸਿੰਘ ਵਿਸ਼ਨੂ ਗਾਰਡਨ ਦੇ ਘਰ ਅਖੰਡ ਪਾਠ ਦੇ ਭੋਗ ਸਮੇਂ ਦਰਸ਼ਨ ਦੇ ਕਿਰਤਾਰਥ ਕੀਤਾ। ਹਜ਼ਾਰਾ ਸਿੰਘ ਹੁਰਾਂ, ਘਰ ਪੋਤਰਾ ਹੋਣ ਦੀ ਖੁਸ਼ੀ ਵਿੱਚ ਪੰਜ ਪਾਠਾਂ ਦੇ ਭੋਗ ਪੁਆਏ। ਏਥੇ ਸ੍ਰੀ ਸਤਿਗੁਰੂ ਜੀ ਨੇ ਸੰਤਾਂ ਦੇ ਇੱਕ ਲੜਕੇ ਨੂੰ ਦਸਤਾਰ ਸਜਾਣ ਦੀ ਕਿਰਪਾ ਕੀਤੀ।

ਵਿਸ਼ਨੂ ਗਾਰਡਨ ਤੋਂ ਸੱਚੇ ਪਾਤਸ਼ਾਹ ਜੀ ਸੋਮ ਵਿਹਾਰ ਪਧਾਰੇ। ਏਥੇ ਸ. ਸੇਵਾ ਸਿੰਘ ਦੀ ਸੁਪਤਨੀ ਬੀਬੀ ਪਵਨਜੀਤ ਕੌਰ ਨੂੰ ਦਰਸ਼ਨ ਦੇ ਕੇ ਨਿਵਾਜ਼ਿਆ। ਉਹ ਲੱਤ ਦੀ ਪੀੜ ਤੋਂ ਲੰਮੇ ਚਿਰ ਦੀ ਪਰੇਸ਼ਾਨ ਹੈ। ਦੋ ਮਹੀਨੇ ਉਸਨੇ ਲੁਧਿਆਣੇ ਹਸਪਤਾਲ ਵਿੱਚ ਵੀ ਇਸੇ ਪੀੜਾ ਨਾਲ ਗੁਜਾਰੇ ਹਨ।

ਏਸੇ ਫਲੈਟ ਬਲਾਕ ਦੇ ਉਪਰਵਾਰ ਡਾ. ਮੂਸਾ ਦੀ ਕਲੀਨਿਕ ਅਤੇ ਘਰ ਹੈ। ਸ੍ਰੀ ਸਤਿਗੁਰੂ ਜੀ ਨੇ ਆਪਣੇ ਇਸ ਪਿਆਰੇ ਡਾਕਟਰ ਨੂੰ ਵੀ ਕਲੀਨਿਕ ਤੇ ਘਰ ਦਰਸ਼ਨਾਂ ਨਾਲ ਸਨਮਾਨਤ ਕੀਤਾ। ਡਾ. ਮੂਸਾ ਨੇ ਸ੍ਰੀ ਸਤਿਗੁਰੂ ਜੀ ਦੇ ਸਾਰੇ ਸਰੀਰ ਦੀ ਚੈੱਕਅੱਪ ਕੀਤੀ।

ਏਥੋਂ ਸ੍ਰੀ ਹਜ਼ੂਰ ਮਨਚੰਦਾ ਦੀ ਕੋਠੀ ਕਰੋਲ ਬਾਗ ਆਏ, ਜਿੱਥੇ ਠਾਕੁਰ ਉਦੈ ਸਿੰਘ ਜੀ ਨੂੰ ਬੈਂਗਲੌਰ ਅਤੇ ਬੈਂਕੋਕ ਆਦਿ ਵਿਦੇਸ਼ਾਂ ਨੂੰ ਫ਼ੋਨਾਂ ਦੀ ਝੜੀ ਲੱਗੀ ਰਹੀ।

ਸਕੱਤਰ ਸਾਹਿਬ ਨਾਲ ਗੱਲ ਕਰਨ ਦੇ ਸਮੇਂ ਹੀ ਸੇਠ ਸੁਰੰਮ੍ਰਿਤ ਸਿੰਘ, ਸੇਠ ਅਜੀਤ ਸਿੰਘ ਅਤੇ ਇੱਕ ਬੈਂਕੋਕ ਦੀ ਬੀਬੀ ਆਏ। ਸਤਿਗੁਰੂ ਜੀ ਨੂੰ ਆਰਾਮ ਕਰਦਿਆਂ ਜਾਣ ਦਰਸ਼ਨ ਤਾਂ ਨਾ ਕਰ ਸਕੇ ਪਰ ਹੰਸਪਾਲ ਜੀ ਮਨਚੰਦਾ ਆਦਿ ਨਾਲ ਬੈਠਕ ਹੋ ਗਈ। ਜਾਪਦਾ ਹੈ ਤਕੜੀ ਵਿਹਾਰੀ ਗੱਲ ਹੋਈ ਹੋਵੇਗੀ।

ਸ੍ਰੀ ਸਤਿਗੁਰੂ ਜੀ ਆਰਾਮ ਤੋਂ ਉੱਠ ਇਸ਼ਨਾਨ ਕਰਕੇ ਸ. ਵਿਸ਼ੇਸ਼ਰ ਸਿੰਘ ਵਲਭ-ਬੀਬੀ ਬਲਜੀਤ ਕੌਰ ਨੂੰ ਦਰਸ਼ਨ ਦੇਣ ਉਨ੍ਹਾਂ ਦੇ ਫਲੈਟ ਤੇ ਪਧਾਰਨਗੇ। ਕੱਲ੍ਹ ਬੀਬੀ ਨੇ ਕਰਨ ਦਰਸ਼ਨ ਕਰਦਿਆਂ ਆਪਣੇ ਘਰ ਚਰਨ ਪਾਉਣ ਤੇ ਭੋਗ ਪੁਆਉਣ ਦੀ ਅਰਜ਼ ਕੀਤੀ ਸੀ।

**ਸਾਜਨ ਤੇ ਮਿਹਰਬਾਨੀ –** ਮੈਂ ਅਤੇ ਮੇਰੀ ਪੁੱਤਰੀ ਜਸਕਿਰਨ, ਸ਼ਾਮ ਦੇ ਦੀਵਾਨ ਸਮੇਂ ਰਮੇਸ਼ ਨਗਰ ਨਾਮਧਾਰੀ ਧਰਮਸਾਲਾ ਵਿਖੇ ਪੁੱਜੇ ਹੀ ਸੀ ਕਿ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕਰਨ ਪਿੱਛੋਂ ਨਿਤਨੇਮ ਸਮਾਪਤੀ ਦੀ ਅਰਦਾਸ ਹੋ ਗਈ। ਜਦੋਂ ਉਸਤਾਦ ਹਰਭਜਨ ਸਿੰਘ ਨੇ ਵਾਜੇ ਦੀਆਂ ਸੁਰਾਂ ਤੇ ਹੱਥ ਰੱਖਿਆ ਤਾਂ ਸੱਚੇ ਪਾਤਸ਼ਾਹ ਜੀ ਨੇ ਸ਼ਬਦ ਪੁੱਛਿਆ। ਆਵਾਜ਼ ਆਈ : ਸਾਜਨ ਤੇਰੇ ਚਰਨ ਕੀ...... ਤਾਂ ਸ੍ਰੀ ਹਜ਼ੂਰ ਨੇ ਮੈਨੂੰ ਨੇੜੇ ਬੁਲਾਇਆ ਅਤੇ ਬਚਨ ਕੀਤਾ : ਵਧਾਈ! ਵਧਾਈ ਹੋਵੇ!! (ਸੰਤੋਖ ਸਿੰਘ) ਸਾਜਨ (ਸਿਰਸਾ) ਆਪਣੀ ਨੂੰਹ ਲੈ ਕੇ ਜਲਦੀ ਹੀ ਬੈਂਕੋਕ ਤੋਂ ਆ ਰਿਹਾ ਹੈ।

ਵਕਤ ਵੇਖ ਮੈਂ ਸ. ਸ਼ਿਵ ਸਿੰਘ ਮੇਡਨਹੈੱਡ ਯੂ. ਕੇ. ਦੀ ਅਰਜ਼ ਕਰ ਦਿੱਤੀ ਕਿ ਉਸ ਲਿਖਿਆ ਹੈ ਮੈਂ ਆਪ ਜੀ ਨੂੰ ਦੱਸਾਂ ਕਿ ਉਸਦਾ 60,000/- ਜੋ ਭਾਰਤ ਭੇਜਣ ਲਈ ਸ. ਅਮਰਜੀਤ ਸਿੰਘ ਭਮਰਾ ਨੂੰ ਦਿੱਤਾ ਸੀ, ਉਹ ਅਜੇ ਤੱਕ ਨਾ ਦੇਸ ਪੁੱਜਾ ਹੈ ਨਾ ਉਸਨੂੰ ਮਿਲਿਆ ਹੈ।

**ਰਾਮ ਸਰੂਪ ਤੇ ਬਖ਼ਸ਼ਿਸ਼ –** ਦੂਜੀ ਅਰਜ਼ ਸ੍ਰੀ ਰਾਮ ਸਰੂਪ ਬਾਂਸਲ ਸਾਬਕਾ ਸਰਪੰਚ ਰਾਣੀਆਂ ਬਾਰੇ ਸੀ। ਉਸ ਨੇ ਮੈਨੂੰ ਵਿੱਚ ਪੁਆ ਕੇ ਸ੍ਰੀ ਸਤਿਗੁਰੂ ਜੀ ਤੋਂ 70,000/- ਆਪਣਾ ਕੰਮ ਚਲਾਉਣ ਵਾਸਤੇ ਕਿਸ਼ਤਵਾਰ ਸਾਲਾਨਾ ਵਾਪਸੀ ਦੇ ਇਕਰਾਰ ਨਾਲ ਲਿਆ ਸੀ ਪਰ ਕਈ ਸਾਲਾਂ ਤੋਂ ਉਸ ਵਲੋਂ ਰਕਮ ਦਾ ਕੁਛ ਅੰਸ਼ ਵੀ ਨਹੀਂ ਮਿਲਿਆ। ਉਸ ਬਾਰੇ ਸਭ ਕੁਛ ਜਾਣ ਸ੍ਰੀ ਸਤਿਗੁਰੂ ਜੀ ਬਚਨ ਕੀਤਾ : ਰਹਿਣ ਦਿਓ, ਕੁਛ ਨ ਕਹਿਓ, ਰਕਮ ਨਹੀਂ ਨਿਕਲ ਸਕਦੀ ਹੋਣੀ। ਓਦੋਂ ਸਤਿਗੁਰੂ ਜੀ ਨੇ ਮੈਨੂੰ ਕਹਿਆ ਸੀ : ਰਾਮ ਸਰੂਪ ਵਾਪਸੀ ਲਈ ਚੀਹੜਾ ਹੈ। ਉਮੀਦ ਨਹੀਂ ਪੈਸੇ ਵਾਪਸ ਹੋਣ। ਬਚਨ ਤਾਂ ਸੱਤ ਹੋਇਆ ਹੀ ਨਾਲ ਉਦਾਰਤਾ ਦਾ ਵੀ ਮੂੰਹ ਖੁੱਲ੍ਹ ਗਿਆ।

ਸਾਧ ਸੰਗਤ ਲਈ ਹਾਲ ਛੋਟਾ ਛੋਟਾ ਹੋ ਗਿਆ ਹੈ। ਅੱਜ ਸ੍ਰੀ ਸਗਿਗੁਰੂ ਜੀ ਪਾਸ ਵਿਸ਼ੇਸ਼ ਵਿਅਕਤੀ ਸ਼ੋਭਾ ਪ੍ਰਾਪਤ ਹਨ : ਮਹਾਰਾਜ ਬੀਰ ਸਿੰਘ ਜੀ, ਸ. ਮਹਿੰਦਰ ਸਿੰਘ ਪਾਲਰੇ ਦਾਰਾ ਸਲਾਮ (ਤਨਜ਼ਾਨੀਆਂ), ਪੰਥ ਰਤਨ ਮਾ. ਨਿਹਾਲ ਸਿੰਘ ਜੀ, ਸ. ਅਮਰਜੀਤ ਸਿੰਘ ਭਮਰਾ ਯੂ. ਕੇ., ਰਾਗੀਆਂ ਵੱਲ ਸ੍ਰੀ ਗੁਰਦੇਵ ਸਿੰਘ ਸਰੋਦ ਵਿਸ਼ੇਸ਼ ਹੈ। ਉਹ ਨਵੰਬਰ ਅੰਤ ਤੋਂ ਯੂ. ਕੇ.

ਵਿੱਚੋਂ ਟੂਰ ਲਾ ਕੇ ਆਇਆ ਹੈ।

**ਖ਼ਾਸੀ ਖਾਂਸੀ –** ਮੈਂ ਕੱਲ੍ਹ ਤੋਂ ਵੇਖ ਰਿਹਾ ਹਾਂ ਸ੍ਰੀ ਸਤਿਗੁਰੂ ਜੀ ਨੂੰ ਖ਼ਾਸੀ ਖਾਂਸੀ ਹੈ। ਵੈਸੇ ਸਿਹਤ ਵਲੋਂ ਤਿਆਰ ਬਰ ਤਿਆਰ ਹਨ। ਚਿਹਰਾ ਪੁਰ ਰੌਣਕ ਹੈ, ਪਰ ਅੱਜ ਦੀਵਾਨ ਸਮੇਂ ਵੀ ਵਾਰ ਵਾਰ ਖਾਂਸੀ ਆ ਰਹੀ ਸੀ। ਜਦੋਂ ਮੈਂ ਪੁੱਛਿਆ : ਇਹ ਕਦੋਂ ਤੋਂ ਹੈ, ਤਾਂ ਬਚਨ ਹੋਇਆ : ਬਾਰਾਂ ਦਿਨਾਂ ਤੋਂ ਜ਼ੋਰ ਲਗਾ ਰਹੀ ਹੈ। ਦਵਾਈਆਂ ਅਤੇ ਡਾਕਟਰ ਫੇਲ੍ਹ ਹੋ ਗਏ ਹਨ। ਅਜੇ ਤਾਂ ਮੈਂ ਹੀ ਕਾਮਯਾਬ ਹਾਂ ਜੋ ਇਸ ਤੋਂ ਹਾਰਿਆ ਨਹੀਂ।

**ਸੂਬਾ ਜੀ ਦੇ ਪ੍ਰੇਮ ਨੂੰ –** ਦੀਵਾਨ ਵਿੱਚ ਆਪਣੇ ਆਇਆਂ ਸੂਬਾ ਗੰਡਾ ਸਿੰਘ ਜੀ ਦਿੱਲੀ ਨੂੰ ਸ੍ਰੀ ਸਤਿਗੁਰੂ ਜੀ ਪਾਸ ਨਾ ਵੇਖ ਕੇ ਫਿਕਰਮੰਦ ਸਾਂ ਕਿ ਉਹ ਕਿਉਂ ਨਹੀਂ ਆਏ, ਤਕੜੇ ਹੋਣ ਸਹੀ ਅਤੇ ਸੂਬਾ ਜੀ ਛੇਤੀ ਹੀ ਆ ਗਏ। ਤਰਸੇਮ ਸਿੰਘ ਸਕੱਤਰ ਨੂੰ ਮੈਂ ਕੋਲ ਬੈਠਦਿਆਂ ਸੁਣਿਆ ਸ੍ਰੀ ਸਤਿਗੁਰੂ ਜੀ ਸਿੱਖ ਦੇ ਦਿਲ ਦੀ ਕਿਵੇਂ ਪੁਕਾਰ ਸੁਣਦੇ ਹਨ, ਅੱਜ ਵੀ ਪ੍ਰਤੱਖ ਵੇਖਿਆ ਹੈ। ਸੂਬਾ ਗੰਡਾ ਸਿੰਘ ਜੀ ਦੀਵਾਨ ਵਿੱਚ ਸਤਿਗੁਰਾਂ ਦੇ ਦਰਸ਼ਨ ਜਾ ਕਰਨ ਲਈ ਉਤਾਵਲੇ ਬੈਠੇ ਸਨ। ਉਹਨਾਂ ਦੀ ਪੁੱਤਰੀ ਪ੍ਰਿੰਸੀਪਲ ਬੇਅੰਤ ਕੌਰ ਨੇ ਉਨ੍ਹਾਂ ਨੂੰ ਆਪਣੀ ਗੱਡੀ ਤੇ ਲਿਆਉਣਾ ਸੀ, ਪਰ ਉਸ ਨੂੰ ਕੁਛ ਦੇਰੀ ਹੋ ਗਈ ਪਹੁੰਚਦਿਆਂ। ਸੂਬਾ ਜੀ ਨੂੰ ਕਾਹਲੀ ਪੈ ਰਹੀ ਸੀ ਕਦੋਂ ਜਾ ਕੇ ਉਹ ਬੇਅੰਤ ਪਾਤਸ਼ਾਹ ਦੇ ਦਰਸ਼ਨ ਕਰਨ। ਅੰਦਰਲੀ ਖੜਕੀ ਤਾਰ ਸੁਣ ਸ੍ਰੀ ਸਤਿਗੁਰੂ ਜੀ ਨੇ, ਨਾਮ ਸਿਮਰਨ ਕਰਦਿਆਂ ਮੈਨੂੰ ਲਿਖਕੇ ਹੁਕਮ ਕੀਤਾ ਕਿ ਮੈਂ ਕਾਰ ਲੈ ਕੇ ਜਾਵਾਂ ਅਤੇ ਸੂਬਾ ਜੀ ਨੂੰ ਲੈ ਆਵਾਂ। ਸੂਬਾ ਜੀ 90 ਤੋਂ ਵੱਧ ਉਮਰ ਦੇ ਹਨ। ਜਦੋਂ ਸੂਬਾ ਜੀ ਨੂੰ ਪਤਾ ਲੱਗਾ ਕਿ ਉਨ੍ਹਾਂ ਲਈ ਸ੍ਰੀ ਸਤਿਗੁਰੂ ਜੀ ਨੇ ਵਿਸ਼ੇਸ਼ ਗੱਡੀ ਭੇਜੀ ਹੈ ਅਤੇ ਆਪਣੇ ਸਕੱਤਰ ਨੂੰ ਭੇਜਿਆ ਹੈ ਤਾਂ ਮਸਤਾਨੇ ਹੋ ਗਏ : ਕਿਹੜਾ ਦਿਲਾਂ ਦੀਆਂ ਜਾਣੇ ਗੁਰੂ ਬਾਝੋਂ! ਧੰਨ ਭਾਗ ਮੇਰੇ, ਸਤਿਗੁਰਾਂ ਨੇ ਦਿਲ ਦੀ ਬੁੱਝ ਕੇ ਮੈਨੂੰ ਬੁਲਾ ਲਿਆ।

**ਨਾਮਧਾਰੀਆਂ ਲਈ ਦੋ ਨਵੀਆਂ ਪੁਸਤਕਾਂ –** ਦੀਵਾਨ ਸਮਾਤੀ ਉਪਰੰਤ ਮੈਨੂੰ ਦੋ ਪੁਸਤਕਾਂ, ਨਵੀਆਂ ਛਪੀਆਂ ਫੜ੍ਹਕੇ ਸੰਗਤ ਨੂੰ ਉਨ੍ਹਾਂ ਬਾਰੇ ਸੂਚਨਾ ਦੇਣ ਲਈ ਕਿਹਾ ਗਿਆ। ਪਹਿਲੀ, ਸ. ਤਾਰਾ ਸਿੰਘ ਅਨਜਾਣ, ਸਕੱਤਰ ਪੰਜਾਬੀ ਟੀਚਰਜ਼ ਐਸੋਸੀਏਸ਼ਨ ਦਿੱਲੀ, ਜਨਤਾ ਕਾਲੋਨੀ (ਰਘਬੀਰ ਨਗਰ ਨੇੜੇ) ਦੀ, 'ਸਭਹਨ ਕੇ ਸਿਰਮੌਰ' ਇਸਦਾ ਮੁੱਲ 40/- ਹੈ, ਹੁਣ 20/- ਵਿੱਚ ਮਿਲੇਗੀ। ਦੂਜੀ ਪੁਸਤਕ ਪੰਥ ਰਤਨ ਮਾ. ਨਿਹਾਲ ਸਿੰਘ ਜੀ ਦੀ ਸੰਪਾਦਤ ਹੈ 'ਸ੍ਰੀ ਸਤਿਗੁਰੂ ਰਾਮ ਸਿੰਘ ਜੀ'। ਇਸਦੀ ਅਸਲ ਕੀਤਮ 15/- , ਅੱਜ ਵਿਜਟਗੀ 10/- ਵਿੱਚ।

**ਸਭਰਵਾਲ ਦੀ ਪਤਨੀ ਸੁਰਗਵਾਸ –** ਏਥੇ ਹੀ ਮੈਨੂੰ ਸੰਤ ਮਹਿੰਦਰ ਸਿੰਘ ਰਘੁਬੀਰ ਨਗਰ ਨੇ ਇੱਕ ਕਾਲੇ ਹਾਸ਼ੀਏ ਵਾਲਾ ਕਾਰਡ ਦਿੱਤਾ, ਜਿਸ ਅਨੁਸਾਰ ਸ. ਸੇਵਾ ਸਿੰਘ ਸਭਰਵਾਲ WZ 644/1 ਰਤਨ ਪਾਰਕ ਦੀ ਧਰਮ ਪਤਨੀ ਬੀਬੀ ਸੁਰਜੀਤ ਕੌਰ (65) 27-12-1986 ਨੂੰ ਸ਼ਨੀਵਾਰ ਵਾਲੇ ਦਿਨ, ਸੁਰਗ ਸਿਧਾਰ ਗਏ ਸਨ। ਸਭਰਵਾਲ ਦੀ ਇਹ ਇੱਛਾ ਸੀ ਕਿ ਕੱਲ੍ਹ ਆਸਾ ਦੀ ਵਾਰ ਅਤੇ ਅਖੰਡ ਪਾਠਾਂ ਦੇ ਭੋਗ ਪਿੱਛੋਂ ਸ੍ਰੀ ਸਤਿਗੁਰੂ ਜੀ ਇਨ੍ਹਾਂ ਦੇ ਘਰ ਚਰਨ ਪਾ ਕੇ ਪਾਵਨ ਕਰਨ।

## 3 ਜਨਵਰੀ 1987, ਸ਼ਨੀਵਾਰ
## ਨਵੀਂ ਦਿੱਲੀ

ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਆਸਾ ਦੀ ਵਾਰ ਦਾ ਕੀਰਤਨ ਰਮੇਸ਼ ਨਗਰ ਨਾਮਧਾਰੀ ਧਰਮਸਾਲਾ ਵਿੱਚ ਹੋਇਆ, ਭੋਗ 7.05 ਵਜੇ ਪਿਆ।

**ਕੋਠੀ ਪੂਸਾ ਰੋਡ ਵਿਖੇ –** ਮੈਂ 10.30 ਵਜੇ ਪੂਸਾ ਰੋਡ ਕੋਠੀ ਗਿਆ ਤਾਂ ਹੋਰ ਸੰਗਤ ਤਾਂ ਦਰਸ਼ਨਾਂ ਹਿਤ ਕਾਫ਼ੀ ਸੀ, ਜਿਵੇਂ ਸੇਠ ਪਿਆਰਾ ਸਿੰਘ, ਸੇਠ ਵਿਜਿੰਦਰ ਸਿੰਘ ਬੈਂਕੋਕ, ਸੰਤ ਪਿਆਰਾ ਸਿੰਘ ਰਮੇਸ਼ ਨਗਰ, ਸ. ਪ੍ਰਿਥੀਪਾਲ ਸਿੰਘ ਮੰਡੀ, ਸ. ਪ੍ਰੀਤਮ ਸਿੰਘ ਪੰਛੀ, ਸ. ਸੰਤ ਸਿੰਘ ਵਿਰਦੀ (86) ਦਿੱਲੀ, ਸ. ਹਰਭਜਨ ਸਿੰਘ ਚੰਡੀਗੜ੍ਹ, ਸ. ਰਤਨ ਸਿੰਘ ਸੰਤ ਨਗਰ (ਸਰਸਾ) ਆਦਿ, ਪਰ ਅਜੇ ਸਤਿਗੁਰੂ ਜੀ ਆਸਾ ਦੀ ਵਾਰ ਦੇ ਕਿਤੇ ਗਏ, ਨਹੀਂ ਪਰਤੇ ਸਨ।

11.30 ਵੱਜੇ ਤਾਂ ਜਿਵੇਂ ਅਚਾਨਕ ਉਛਾਲਾ ਆ ਗਿਆ ਹੋਵੇ ਤਕੜੀ ਸੰਗਤ ਇਕੱਤਰ ਹੋ ਗਈ, ਸ੍ਰੀ ਸਤਿਗੁਰੂ ਜੀ ਆ ਗਏ ਸਨ। ਹੇਠਲੇ ਹੱਲ ਵਿੱਚ ਸ. ਮਹਿੰਦਰ ਸਿੰਘ ਬੱਲ ਨਕੋੜਾ ਨੂੰ ਨਾਲ ਲੈ ਕੇ ਮੇਜਰ ਜਨਰਲ (ਰੀਟਾਇਰਡ) ਸ. ਤਾਰਾ ਸਿੰਘ ਬੱਲ ਨਾਲ ਕੋਈ ਵਿਸ਼ੇਸ਼ ਗੱਲ ਬਾਤ ਹੋਈ।

ਚਲਦਾ....

# Ultra-processed foods: it's not just their low nutritional value that's a concern



**Richard Hoffman**
**University of Hertfordshire**

In countries such as the UK, US and Canada, ultra-processed foods now account for 50% or more of calories consumed. This is concerning, given that these foods have been linked to a number of different health conditions, including a greater risk of obesity and various chronic diseases such as cardiovascular disease and dementia.

Ultra-processed foods are concoctions of various industrial ingredients (such as emulsifiers, thickeners and artificial flavours), amalgamated into food products by a series of manufacturing processes.

Sugary drinks and many breakfast cereals are ultra-processed foods, as are more recent innovations, such as so-called "plant-based" burgers, which are typically made of protein isolates and other chemicals to make the products palatable.

The intense industrial processes used to produced ultra-processed foods destroy the natural structure of the food ingredients and strip away many beneficial nutrients such as fibre, vitamins, minerals and phytochemicals.

Many of us are well aware that ultra-processed foods are harmful for our health. But it's been unclear if this is simply because these foods are of poor nutritional value. Now, two new studies have shown that poor nutrition may not be enough to explain their health risks. This suggests that other factors may be needed to fully explain their health risks.

**The role of inflammation**

The first study, which looked at over 20,000 health Italian adults, found that participants who consumed the highest number of ultra-processed foods had an increased risk of dying prematurely from any cause. The second study, which looked at over 50,000 US male health professionals, found high consumption of ultra-processed foods was associated with a greater risk of colon cancer.

What's most interesting about these studies is that the health risks from eating a diet high in ultra-processed foods remained even after they had accounted for the poor nutritional quality of their diets. This suggests that other factors contribute to the harms caused by ultra-processed foods.

It also implies that getting the right nutrients elsewhere in the diet may not be enough to cancel out the risk of disease from consuming ultra-processed foods. Similarly, attempts by the food industry to improve the nutritional value of ultra-processed foods by adding a few more vitamins may be side-stepping a more fundamental problem with these foods.

So what factors may explain why ultra-processed foods are so harmful to our health?

The Italian study found that inflammatory markers – such as a higher white blood cell count – were higher in groups that ate the most ultra-processed foods. Our bodies may trigger an inflammatory response for any number of reasons – for example, if we catch a cold or get cut. The body responds by sending signals to our immune cells (such as white blood cells) to attack any invading pathogens (such as bacteria or viruses).

Usually, our inflammatory response resolves quite quickly, but some people may develop chronic inflammation throughout their body. This can cause tissue damage, and is involved in many chronic diseases – such as cancer and cardiovascular disease.

Many studies have found that poor diets can increase inflammation in the body, and that this is linked to higher risk of chronic diseases. Given that signs of inflammation were seen in participants of the Italian study who ate the most ultra-processed foods, this could suggest that inflammation may contribute to why ultra-processed foods increase disease risk. Some food additives common in ultra-processed foods (such as emulsifiers and artificial sweeteners) also increase inflammation in the gut by causing changes to the gut microbiome.

Some researchers have theorised that ultra-processed foods increase inflammation because they are recognised by the body as foreign – much like an invading bacteria. So the body mounts an inflammatory response, which has been dubbed "fast food fever". This increases inflammation throughout the body as a result.

Although the US colon cancer study did not establish if inflammation increased in the men consuming the most ultra-processed foods, inflammation is strongly linked with an increased risk of colon cancer.

Research shows that other mechanisms – such as impaired kidney function and toxins in packaging – may also explain why ultra-processed foods cause so many dangerous health problems.

Since inflammatory responses are hard-wired in our bodies, the best way to prevent this from happening is by not eating ultra-processed foods at all. Some plant-based diets high in natural, unprocessed foods (such as the Mediterranean diet) have also been shown to be anti-inflammatory. This may also explain why plant-based diets free from ultra-processed foods can help ward off chronic diseases.

**Continued Page no. 26**

# Raga and its Effects



**Ms. Aditi Singla**
**Student, Punjabi University, Patiala**
**(94780-67675)**

1. Raga Pooriya Dhansari (Hamsanandi - Kamavardini ) – evokes sweet, deep, heavy, cloudy and stable state of mind and prevents acidity..

2. Raga Bageshri – arouses a feeling of darkness, stability, depths and calmness. This raga is also used in treatment of diabetes and hypertension.

3. Raga Darbari (Darbari Kanada) – is considered very effective in easing tension. It is a late night raga composed by Tansen for Akbar to relieve his tension after hectic schedule of the daily court life.

4. Raga Todi – give treamendous relief to patients of high blood pressure.

5. Raga Ahir-Bhairav (Chakravakam) – is supposed to sustain chords which automatically brings down blood pressure.

6. Raga Malkauns – helps to cure low blood pressure.

7. Raga Bhairavi – Provides relief T.B, Cancer, Severe Cold, Phlegm, Sinus, toothache .

8. Raga Malhar – Useful in the treatment of asthma and sunstroke.

9. Raga Todi– Provides relief from cold and headache.

10. Raga Hindol & Marava – These ragas are useful in blood purification.

**संगीत से संबंधित कुछ तथ्य:-**

1. संगीत जितना अर्थहीन है उतना ही अर्थपूर्ण।

2. संगीत ही एक ऐसी कला है, जो आपके ऊपर प्रहार करता है, पर आपको दर्द नहीं होता बल्कि प्रहार जितना तीव्र होगा, सुकून उतना ही मिलेगा।

3. आत्मा का संगीत ब्रह्माण्ड के द्वारा सुना जा सकता है।

4. संगीत दो आत्माओं के बीच अंतर दूर करता है।

5. संगीत और कला से विहीन मनुष्य साक्षात् पशु के समान है।

6. किताबों और संगीत से बेहतर कोई दोस्त नहीं हो सकता !

7. संगीत की कला दुनिया में सबसे बड़ा खजाना है।

8. यदि आपको पैदल चलना है तो संगीत सुनते चलें, सफर का पता ही नहीं चलेगा।

9. सारी दुनिया की सबसे लोकप्रिय और प्रसिद्ध भाषा संगीत है।

10. संगीत ईश्वर का उपहार और पैगंबरों की कला है।

11. संगीत के बिना, जीवन एक रेगिस्तान में यात्रा के समान है।

12. जब तक आप संगीतमय रहते हो, तब तक संगीत रहता है।

13. संगीत वो भाषा है, जो पूरी दुनिया समझती हैं।

14. आप अकेले सभी स्वरों का मिलान नहीं कर सकते, इसके लिए एक दल की आवश्यकता होती है।

15. संगीत की महान कला इन्सान का सबसे बड़ा गहना है।

16. संगीत के बिना, सभी का जीवन खाली है।

17. जो संगीत से प्रेम करता हैं, वो स्वप्न का आनंद ले सकता है।

18. संगीत को किसी सीमा में नही बांधा जा सकता।

19. चाहे दुनिया में कितनी अलग अलग भाषाएँ हो जाएँ, लेकिन संगीत से अच्छी कोई भाषा नहीं हो सकती है, जिसे सब समझते हैं।

20. संगीत ईश्वर की ऐसी देन है, जिसे पशु-पक्षी और पेड़-पौधे तक समझते हैं।

***संगीत शिक्षा स्कूलों में अनिवार्य करने के फायदे...**

1. दैविक कला का संरक्षण

2.संगीत से मनोशान्ति का वातावरण बनेगा।

3.प्रतिभाएं लाभान्वित होकर विकसित होगी।

4.संगीत साधकों को रोजगार मिलेगा।

5.बच्चों में संगीत का ज्ञान बचपन से विकसित होगा श्रोता की संख्या बढ़ेगी।

5 . संगीत से मानसिकता तंदुरुस्त होगी। अपराध प्रवित्ति में बदलाव आएगा।

6.स्वरों के प्रभाव से निरोगता का बातावरण बनेगा।

7.संगीत साधना ईश्वरीय आराधना है बच्चों में धर्म के प्रति जागरूकता बढ़ेगी।

7.बेरोजगार को रोजगार के अवसर प्राप्त होंगे।

8.संगीत कला का विकाश और सम्मान बढेगा।

**वर्तमान में संगीत की स्तिथि**....

1.संगीत शिक्षा की सैद्धान्तिक अज्ञानता से युवाओं में रुचि।

2.स्कूल कालेजो में अनेक रिक्त पद।

3.संगीत साधको में बेरोजगारी से संगीत की और रुझान कम। व्यवसायिक शिक्षा पर जोर।

4.इने गिने स्कूल कालेजो में संगीत शिक्षा की व्यवस्था।

5.संगीत डिग्रीधारी हतोत्साहित।

6.प्रतिभाओं के विकास में रुकावट।

7.प्रायबेट संगीत शिक्षा महंगी होने से गरीब प्रतिभाएं अविकसित।

8.भारतीय संगीत को छोड़ पाश्चात्य की और युवाओं की दौड़।

..................................................

## Ultra-processed foods...

It's currently not known to what extent an anti-inflammatory diet can help counteract the effects of ultra-processed foods.

Simply reducing your intake of ultra-processed foods may be a challenge. Ultra-processed foods are designed to be hyper-palatable – and together with persuasive marketing, this can make resisting them an enormous challenge for some people.

These foods are also not labelled as such on food packaging. The best way to identify them is by looking at their ingredients. Typically, things such as emulsifiers, thickeners, protein isolates and other industrial-sounding products are a sign it's an ultra-processed food. But making meals from scratch using natural foods is the best way to avoid the harms of ultra-processed foods.

..................................................

# A Saga Of
# Sri Satguru Jagjit Singh Ji



**Dr. Sharada Jayagovind**

"Please, Patsha ji, don't be so strict with your maryada, no aide will remain with you."

Patsha ji replied:

"I am fully prepared to carry my own ghadva," meaning that at no cost would he give up the code of conduct prescribed by his religion.

When Patsha ji was to be operated upon for a heart ailment, he told the doctors:

"Please try to avoid blood transfusion. Do not use alcoholbased medicines. Do not remove the five "K"s from me. Do not cut the hair and please ensure that no female nurse serves me."

When someone said that this code of conduct could lead to his death, he brushed aside the thought:

"After all, this is a human body, which has to go one day. I prefer to hold on to the maryada prescribed by my Satguru than live by transgressing it."

It is this kind of discipline which made his followers admire and emulate him.

Many of his aides and disciples recall fondly how Patsha ji would call them early in the morning to find out if they had woken up. If not, repeated calls would wake them up. He was indeed a Satguru who awakened the body, mind and the soul of his disciples.

Every small act of His Holiness had a deep value attached to it. Once, in February 1980, Patsha ji set out with his entourage on a tour of North India by train. He travelled by a special coach which had beautiful furniture, carpeted floors among other facilities. When they boarded the train, one of the aides placed a suitcase full of woollen clothes on a table. Patsha ji was disturbed by this and politely told him:

"This coach is very neat. The tables and chairs are beautiful. Please do not place the luggage on the table."

The man replied:

"Patsha ji, I do not want our suitcase to get damaged."

Satguru ji said:

"Look, we can buy a new suitcase if it is damaged. But if the table breaks, who knows when it will be replaced by the Railways? We should not damage others property to save our belongings. It is a moral obligation to leave the coach neater and cleaner than the way we found

it."

This kind of discipline embraced all aspects of Patsha ji's life.

All his life, Satguru ji kept a strict and active daily schedule. He would get up in the morning, take his bath, attend the Asa di Vaar, have breakfast, read the Gurbani and rest for a while. He wished to be updated about the news and would ask someone to read the newspaper to him.

The headlines from Punjabi Kesari, Jagbani, Ajit and Tribune would be read out and if a news item captured Satguru Jagjit Singh ji's interest, he would put on the glasses and read it himself. Mahaan Kosh, written by Kahan Singh Nabha, was Patsha ji's constant companion. He used it mostly to look up the meanings of archaic words in the Gurbani. The aides would make it a point to carry the dictionary wherever they went because they would not know when Patsha ji would ask them to look for the meaning of a word.

Satguru ji took tasks very seriously. People used to gift him books and Patsha ji wanted them to be read. Gurmukh Singh advocate, a young devotee who served him during this phase, said Patsha ji sent him a book written in English on sitar, the Indian musical instrument. Gurmukh Singh forgot about it and after a couple of days when Patsha ji met him, he asked the young man:

"Gurmukh, have you read that book? What does the author say?"

Punctuality was a hallmark of Patsha ji's personality. Satguru ji valued his and other people's time. He would be on the dot for any appointment. On many occasions, at Sri Bhaini Sahib, Patsha ji would start walking towards the venue to attend a programme if the aides were not ready. He hated to keep people waiting for him. One of his aides was a friendly soul who loved a good chat. If Patsha ji sent him on some work, he would not be back on time. Patsha ji would send another aide in a car to fetch him so that his daily schedule would not be affected.

Satguru Jagjit Singh ji was the picture of austerity and simplicity. His clothes would be sparkling white without a crease. If he found his clothes lying around in his room, he would himself fold them. He always carried a rosary, a handkerchief, a clock and a small bottle of water in his pocket. He would clean his fingers with water if he touched anything unclean. He inspired people around him to be clean and neat. Whenever young boys came with their hair untied after a bath, he would ask them gently:

"Don't you have a hairdryer? Dry your hair and tie a turban."

**VI**

Patsha ji's amiable nature endeared him to all. His face was lit with an enchanting smile which attracted young and old alike. His Holiness always remained peaceful and calm. He would never get angry with anyone. He inherited this trait from his dear mother Mata Bhupinder Kaur ji, who was very soft spoken and affectionate. Mahant Kesar Singh ji, who brought up Patsha ji as a child, was an epitome of virtues. His tolerance and compassion made a deep impact on Patsha ji's personality.

**To be continued......**

# ਕਾਵਿ-ਕਿਆਰੀ

## ਚੀਨੀ ਵਾਲਿਆ

ਚੀਨੀ ਵਾਲਿਆ ਵੇ ਮਿੰਨਤਾਂ ਬਥੇਰੀਆਂ
ਕੀਤੀਆਂ ਮੈਂ ਤੇਰੀਆਂ।
ਤੂੰ ਪਾਉਂਦਾ ਨਹੀਂਉਂ ਫੇਰੀਆਂ
ਕਿਉਂ ਲਾਈ ਜਾਵੇਂ ਦੇਰੀਆਂ।

ਛੱਡ ਕੇ ਗਿਆਂ ਨੂੰ ਹੋਗੇ ਬੜੇ ਸਾਲ ਵੇ
ਤੇ ਸਾਡਾ ਬੁਰਾ ਹਾਲ ਵੇ
ਤੂੰ ਕਰਤੀ ਕਮਾਲ ਵੇ
ਤੇ ਪੁੱਛਿਆ ਨੀ ਹਾਲ ਵੇ
ਮੈ ਢਾਈ ਬੈਠਾਂ ਢੇਰੀਆਂ।
ਤੂੰ ਪਾਉਂਦਾ ਨਹੀਉ ਫੇਰੀਆਂ
ਕਿਉਂ ਲਾਈ ਜਾਵੇਂ ਦੇਰੀਆਂ।

ਕਿਹੜਾ ਦੇਸ਼ ਤੇ ਗਰਾਂ ਵੇ ਤੂੰ ਮੱਲਿਆ
ਨਾ ਵੱਸ ਸਾਡਾ ਚੱਲਿਆ
ਸੁਨੇਹਾ ਕਾਂਵਾਂ ਹੱਥ ਘੱਲਿਆ
ਪਤਾ ਨਾ ਕੋਈ ਚੱਲਿਆ
ਕੀ ਕਦਰਾਂ ਨੇ ਮੇਰੀਆਂ।
ਤੂੰ ਪਾਉਂਦਾ ਨਹੀਉਂ ਫੇਰੀਆਂ
ਕਿਉਂ ਲਾਈ ਜਾਵੇਂ ਦੇਰੀਆਂ।

ਵਾਕ ਸਾਰੇ ਹੋਗੇ ਪੂਰੇ ਰਿਹਾ ਕੋਈ ਨਾ
ਗਰੀਬਾਂ ਦੀ ਕੋਈ ਢੋਈ ਨਾ
ਹੋਰ ਸਾਡਾ ਕੋਈ ਨਾ
ਵੇ ਅੱਖ ਸੁੱਕੀ ਹੋਈ ਨਾ
ਕਿਉਂ ਪਰਖਦਾ ਦਲੇਰੀਆਂ।
ਤੂੰ ਪਾਉਂਦਾ ਨਹੀਉਂ ਫੇਰੀਆਂ
ਕਿਉਂ ਲਾਈ ਜਾਵੇਂ ਦੇਰੀਆਂ।

ਯਾਦਾਂ ਸੀਨੇ ਵਿੱਚ ਲੈ ਕੇ ਬੜੇ ਤੁਰਗੇ
ਜਾਂਦੇ ਨੇ ਸਾਹ ਖੁਰਦੇ
ਅੱਜ ਨੂੰ ਤਾਂ ਮੁੜਦੇ
ਜੇ ਨਾ ਵੀਰਵਾਰ ਤੁਰਦੇ
ਰਜ਼ਾਵਾਂ ਸਭ ਤੇਰੀਆਂ।
ਤੂੰ ਪਾਉਂਦਾ ਨਹੀਉਂ ਫੇਰੀਆਂ
ਕਿਉਂ ਲਾਈ ਜਾਵੇਂ ਦੇਰੀਆਂ।

ਚੀਨੀ ਵਾਲਿਆ ਵੇ ਮਿੰਨਤਾਂ ਬਥੇਰੀਆਂ
ਕੀਤੀਆਂ ਮੈਂ ਤੇਰੀਆਂ।
ਤੂੰ ਪਾਉਂਦਾ ਨਹੀਉਂ ਫੇਰੀਆਂ
ਕਿਉਂ ਲਾਈ ਜਾਵੇਂ ਦੇਰੀਆਂ।

**ਹਰਵਿੰਦਰ ਸਿੰਘ ਮੈਲਬੋਰਨ**

..................................................

## ਮਾਂ ਤੈਨੂੰ ਮੈਂ ਸੀਸ ਝੁਕਾਂਦਾ ਹਾਂ

**ਬਲਵਿੰਦਰ ਬਾਲਮ**

ਤੇਰੀ ਫੁੱਲਾਂ ਵਰਗੀ ਗੋਦੀ ਵਿਚ
ਤੇਰੀ ਠੰਢੀ ਮਿੱਠੀ ਲੋਰੀ ਵਿਚ।
ਸਧਰਾਂ ਵਾਲੇ ਫੁੱਲ ਚੜ੍ਹਾਂਦਾ ਹਾਂ
ਮਾਂ ਤੈਨੂੰ ਮੈਂ ਸੀਸ ਝੁਕਾਂਦਾ ਹਾਂ।

ਬਚਪਨ ਨੂੰ ਤੜਕ ਸਵੇਰੇ ਦਿੱਤੇ
ਸੁਖ ਹੀ ਸੁਖ ਚਾਰ ਚੁਫੇਰੇ ਦਿੱਤੇ।
ਤੇਰੇ ਤੋਂ ਬਲਿਹਾਰੇ ਜਾਂਦਾ ਹਾਂ
ਮਾਂ ਤੈਨੂੰ ਮੈਂ ਸੀਸ ਝੁਕਾਂਦਾ ਹਾਂ।

ਉਂਗਲੀ ਫੜਕੇ ਤੂੰ ਚਲਣਾ ਦੱਸਿਆ
ਮੈਂ ਤੁਰਿਆ ਸਾਰਾ ਵਿਹੜਾ ਹਸਿਆ।
ਨਿਤ ਗੁਣਗਾਣ ਤੇਰੇ ਮੈਂ ਗਾਂਦਾ ਹਾਂ

ਮਾਂ ਤੈਨੂੰ ਮੈਂ ਸੀਸ ਝੁਕਾਂਦਾ ਹਾਂ।

ਮੇਰੇ ਜੀਵਨ ਵਿਚ ਤੇਰੀ ਖੁਸ਼ਬੂ
ਮੇਰੇ ਮਸਤਕ ਦੇ ਵਿਚ ਤੇਰੀ ਰੂਹ।
ਪਰਛਾਵੇਂ ਵਿਚ ਤੈਨੂੰ ਪਾਂਦਾ ਹਾਂ
ਮਾਂ ਤੈਨੂੰ ਮੈਂ ਸੀਸ ਝੁਕਾਂਦਾ ਹਾਂ।

ਵਿੱਚ ਜਵਾਨੀ ਸ਼ੁੱਧ ਆਚਰਣ ਦਿੱਤਾ
ਉੱਚ ਵਿਦਿਆ ਵਾਲਾ ਦਰਪਣ ਦਿੱਤਾ।
ਕਰਮਾਂ ਵਾਲੇ ਫੁੱਲ ਉਠਾਂਦਾ ਹਾਂ
ਮਾਂ ਤੈਨੂੰ ਮੈਂ ਸੀਸ ਝੁਕਾਂਦਾ ਹਾਂ।

ਚੁੱਲੇ ਵਾਲੀ ਰੋਟੀ 'ਤੇ ਮੱਖਣ
ਚੰਗੇਰ ਪਤੀਲਾ ਮੁੜਾ ਢਕਣ।
ਅੱਜ ਵੀ ਖੁਦ ਨੂੰ ਯਾਦ ਕਰਾਂਦਾ ਹਾਂ
ਮਾਂ ਤੈਨੂੰ ਮੈਂ ਸੀਸ ਝੁਕਾਂਦਾ ਹਾਂ।

ਭੈਣ ਭਰਾਵਾਂ ਵਿਚ ਖੇਤਾਂ ਦੇ ਦਿਨ
ਬੋਹੜਾਂ ਪਿੱਪਲਾਂ ਖੇਡਾਂ ਦੇ ਦਿਨ।
ਅੱਜ ਫਿਰ 'ਵਾਜਾਂ ਮਾਰ ਬੁਲਾਂਦਾ ਹਾਂ
ਮਾਂ ਤੈਨੂੰ ਮੈਂ ਸੀਸ ਝੁਕਾਂਦਾ ਹਾਂ।

ਬਾਪੂ ਦਾ ਖੇਤਾਂ ਵਿਚ ਪਸੀਨਾ
ਸਾਡੀ ਸਿੱਖਿਆ ਦੇ ਵਿਚ ਨਗੀਨਾ।
ਉਨਤੀ ਵਾਲੇ ਨਗਮੇਂ ਗਾਂਦਾ ਹਾਂ
ਮਾਂ ਤੈਨੂੰ ਮੈਂ ਸੀਸ ਝੁਕਾਂਦਾ ਹਾਂ।

ਰੀਝਾਂ ਦੇ ਨਾਲ ਤੂੰ ਵਿਆਹ ਰਚਾਏ
ਸਾਡੇ ਸਭਨਾਂ ਦੇ ਸ਼ਗਨ ਮਨਾਏ।
ਤੇਰੀ ਕਿਰਪਾ ਵਿਚ ਸ਼ਰਮਾਂਦਾ ਹਾਂ
ਮਾਂ ਤੈਨੂੰ ਮੈਂ ਸੀਸ ਝੁਕਾਂਦਾ ਹਾਂ।

ਪੋਤੇ ਪੋਤੀਆਂ ਨਾਲ ਲਾਡ ਲਡਾਏ
ਦੋਹਤੇ ਦੋਹਤੀਆਂ ਗਲ ਨਾਲ ਲਾਏ।
ਤੇਰੀ ਮੂਰਤ 'ਚ ਮੰਦਿਰ ਪਾਂਦਾ ਹਾਂ
ਮਾਂ ਤੈਨੂੰ ਮੈਂ ਸੀਸ ਝੁਕਾਂਦਾ ਹਾਂ।

ਬੱਚਾ ਜੇ ਰੋਏ ਫੇਰ ਹਸਾਏ
ਸਾਰੀ ਦੀ ਸਾਰੀ ਰਾਤ ਖਡਾਏ।
ਯਾਦਾਂ ਵਿੱਚੋਂ ਯਾਦ ਚਰਾਂਦਾ ਹਾਂ
ਮਾਂ ਤੈਨੂੰ ਮੈਂ ਸੀਸ ਝੁਕਾਂਦਾ ਹਾਂ।

ਸੰਯੁਕਤ ਘਰ ਦਾ ਸੀ ਪਿਆਰ ਨਿਰਾਲਾ
ਜਿਉਂ ਅਰਚਨ ਪੂਜਾ ਇਕ ਸ਼ਿਵਾਲਾ।
ਬਰਕਤ ਵਾਲੇ ਗੀਤ ਸੁਣਾਂਦਾ ਹਾਂ
ਮਾਂ ਤੈਨੂੰ ਮੈਂ ਸੀਸ ਝੁਕਾਂਦਾ ਹਾਂ।

ਰੋਂਦੇ ਨੂੰ ਵੀ ਫੇਰ ਹਸਾ ਦਿੰਦੀ
ਬੁਝਦੇ ਹੋਏ ਦੀਪ ਜਗਾ ਦਿੰਦੀ।
ਦੁੱਖਾਂ ਦੇ ਵਿਚ ਜਦ ਘਬਰਾਂਦਾ ਹਾਂ
ਮਾਂ ਤੈਨੂੰ ਮੈਂ ਸੀਸ ਝੁਕਾਂਦਾ ਹਾਂ।

ਤੂੰ ਜੋ ਲਾਡ ਲਡਾਏ ਚੇਤੇ ਨੇ
ਕਿੰਨੇ ਸੌਖ ਹੰਢਾਏ ਚੇਤੇ ਨੇ।
ਤੈਥੋਂ ਆਪਣੀ ਜਾਨ ਲੁਟਾਂਦਾ ਹਾਂ
ਮਾਂ ਤੈਨੂੰ ਮੈਂ ਸੀਸ ਝੁਕਾਂਦਾ ਹਾਂ।

ਦੁਖ ਦੀ ਜੇ ਕੋਈ ਛਿਲਤਰ ਚੁੱਭੇ
ਫਿਰ ਝਟਪਟ ਆਪਣੇ ਮੂੰਹ ਨਾਲ ਕੱਢੇ।
ਤੇਰੇ 'ਚੋਂ ਹੀ ਰੱਬ ਨੂੰ ਪਾਂਦਾ ਹਾਂ
ਮਾਂ ਤੈਨੂੰ ਮੈਂ ਸੀਸ ਝੁਕਾਂਦਾ ਹਾਂ।

ਮਾਂ ਦੀ ਪੂਜਾ ਵਿਚ ਰੱਬ ਦੀ ਪੂਜਾ
ਇਸ ਵਰਗਾ ਕੋਈ ਹੋਰ ਨਾ ਦੂਜਾ।
ਸਾਰੀ ਦੁਨੀਆਂ ਨੂੰ ਸਮਝਾਂਦਾ ਹਾਂ
ਮਾਂ ਤੈਨੂੰ ਮੈਂ ਸੀਸ ਝੁਕਾਂਦਾ ਹਾਂ।

ਦੁਨੀਆਂ ਤੱਕ ਮਾਂ ਦੀ ਹਸਤੀ ਰਹਿਣੀ
ਸੁਕਦੀ ਨਹੀਂ ਏਂ ਸੂਰਜ ਦੀ ਟਹਿਣੀ।
'ਬਾਲਮ' ਨੂੰ ਸੰਦੇਸ਼ ਸੁਣਾਂਦਾ ਹਾਂ
ਮਾਂ ਤੈਨੂੰ ਮੈਂ ਸੀਸ ਝੁਕਾਂਦਾ ਹਾਂ।

..................................................

# ਸੁੱਚੇ – ਮੋਤੀ

ਕ੍ਰੋਧ ਤੋਂ ਵੀ ਮਨੁੱਖ ਦਾ ਸਭ ਤੋਂ ਵੱਡਾ ਦੁਸ਼ਮਣ ਚਿੰਤਾ ਹੈ ਜੋ ਮਨੁੱਖ ਨੂੰ ਅੰਦਰੋ ਅੰਦਰੀ ਖੋਖਲਾ ਕਰਕੇ ਉਸ ਦਾ ਨਾਸ ਕਰ ਦੇਂਦੀ ਹੈ।

**– ਸੁਕਰਾਤ**

ਜੋ ਦੂਜਿਆਂ ਨਾਲ ਨਫ਼ਰਤ ਕਰਦਾ ਹੈ ਉਹ ਖੁਦ ਪਤਿਤ ਹੋਏ ਬਿਨਾਂ ਨਹੀਂ ਰਹਿ ਸਕਦਾ।

**– ਸਵਾਮੀ ਵਿਵੇਕਾਨੰਦ**

ਚਿੰਤਾ ਅਤੇ ਨਫ਼ਰਤ ਮਨੁੱਖ ਦੇ ਦੋ ਵੱਡੇ ਦੁਸ਼ਮਣ ਹਨ ਇਨ੍ਹਾਂ ਤੋਂ ਬਚਣਾ ਚਾਹੀਦਾ ਹੈ।

**– ਮਹਾਤਮਾ ਬੁੱਧ**

ਭਾਵੇਂ ਮੈਂ ਗੁੱਸੇ ਪ੍ਰਤੀ ਹਮੇਸ਼ਾ ਜਾਗਰੂਕ ਰਹਿੰਦਾ ਹਾਂ ਪਰ ਮੇਰੀ ਨਜ਼ਰ ਵਿੱਚ ਉਸ ਤੋਂ ਵੀ ਜ਼ਿਆਦਾ ਜ਼ਰੂਰੀ ਕਦਮ ਇਹ ਹੈ ਕਿ ਗੁੱਸੇ ਦੇ ਕਾਰਨ ਨੂੰ ਹੀ ਮਿਟਾ ਦਿੱਤਾ ਜਾਵੇ।

**– ਜੂਲੀਅਸ ਸੀਜਰ**

ਜਿਹੜਾ ਵਿਅਕਤੀ ਕ੍ਰੋਧ ਦੀ ਅੱਗ ਨੂੰ ਕਾਬੂ ਨਹੀਂ ਕਰ ਸਕਦਾ ਉਹ ਇਕ ਦਿਨ ਖੁਦ ਆਪਣੇ ਆਪ ਨੂੰ ਹੀ ਉਸ ਵਿੱਚ ਸਾੜ ਬੈਠਦਾ ਹੈ।

**– ਮਹਾਤਮਾ ਗਾਂਧੀ**

ਜਿਸ ਸਮੇਂ ਗੁੱਸਾ ਇਨਸਾਨ ਦੇ ਦਿਮਾਗ ਉੱਪਰ ਆਪਣਾ ਕਬਜਾ ਕਰ ਲੈਂਦਾ ਹੈ ਉਸ ਸਮੇਂ ਵਿਚਾਰ ਜੀਰੋ ਹੋ ਜਾਂਦੀ ਹੈ।

**– ਹੈਨਰੀ**

ਗੁੱਸਾ ਆਏ ਤਾਂ ਉਸ ਦੇ ਨਤੀਜੇ ਬਾਰੇ ਸੋਚੋ।

**– ਕਨਫਿਊਸ਼ਿਅਸ**

ਈਰਖਾ ਨਾ-ਕਾਮਯਾਬੀ ਦਾ ਦੂਜਾ ਨਾਂ ਹੈ। ਈਰਖਾ ਕਰਨ ਨਾਲ ਆਪਣਾ ਹੀ ਮਹੱਤਵ ਘਟਦਾ ਹੈ।

**– ਚਾਣਕਯ**

ਪੰਜ ਮਿੰਟ ਦਾ ਕ੍ਰੋਧ ਜਨਮ ਭਰ ਦੀ ਦੋਸਤੀ ਨੂੰ ਤਬਾਹ ਕਰ ਦਿੰਦਾ ਹੈ।

**– ਮੁਨਸ਼ੀ ਪ੍ਰੇਮਚੰਦ**

ਕ੍ਰੋਧ ਉਤੇ ਕਾਬੂ ਪਾ ਕੇ ਦੁਨੀਆਂ ਜਿੱਤੀ ਜਾ ਸਕਦੀ ਹੈ।

**– ਵੇਦ ਵਿਆਸ ਜੀ**

# ਬੱਚਿਆਂ ਦਾ ਪੰਨਾ

## ਪਹਿਲਵਾਨ ਫਤਹਿ ਸਿੰਘ

ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਇਕ ਪਹਿਲਵਾਨ ਫਤਹਿ ਸਿੰਘ ਪਿੰਡ ਵਲਟੋਹੇ ਦੇ ਰਹਿਣ ਵਾਲਾ ਸੀ। ਉਸਦਾ ਸਰੀਰ ਬਹੁਤ ਤਕੜਾ ਸੀ। ਇੱਕ ਵਾਰੀ ਉਹ ਗਾਮੇ ਪਹਿਲਵਾਨ ਦੇ ਅਖਾੜੇ ਵਿਚ ਗਿਆ। ਇਕ ਢਾਈ ਫੁੱਟ ਦੀ ਰੇਲ ਦੀ ਪੱਟੜੀ ਦੋਹਾਂ ਸਿਰਿਆਂ ਤੋਂ ਫੜਕੇ ਡਿੰਗੀ ਕਰ ਦਿੱਤੀ ਤੇ ਕਿਹਾ, "ਹੈ ਕੋਈ ਮਾਈ ਦਾ ਲਾਲ ਜਿਹੜਾ ਇਸ ਨੂੰ ਸਿੱਧਾ ਕਰ ਦੇਵੇ।" ਪਰ ਕਿਸੇ ਨੇ ਵੀ ਨਾ ਕੀਤੀ। ਫਤਹਿ ਸਿੰਘ ਨੇ ਫਿਰ ਸਿੱਧੀ ਕਰ ਦਿੱਤੀ। ਇਸ ਤੇ ਸਤਿਗੁਰੂ ਜੀ ਦੀ ਬੜੀ ਕ੍ਰਿਪਾ ਸੀ। ਪੁਰਾਣੇ ਸਮੇਂ ਵਿਚ ਲੋਕ ਦਾਣੇ ਖਰਾਸਾਂ 'ਤੇ ਪੀਂਹਦੇ ਸਨ। ਆਪਣੀ ਵਾਰੀ ਦੀ ਉਡੀਕ ਵਿਚ ਕਣਕ ਦੇ ਪੀਪੇ ਕਤਾਰਾਂ ਵਿੱਚ ਰੱਖ ਕੇ ਵਾਰੀ ਦੀ ਉਡੀਕ ਕਰਦੇ ਸਨ। ਇਕ ਦਿਨ ਕਿਸੇ ਨੇ ਫਤਿਹ ਸਿੰਘ ਦੀ ਵਾਰੀ ਮੱਲ ਲਈ। ਫਤੇ ਸਿੰਘ ਨੂੰ ਗੁੱਸਾ ਚੜ੍ਹਿਆ। ਉਸਨੇ ਖਰਾਸ ਦਾ ਪੁੜ ਲਾਹ ਕੇ ਕੋਲ ਖੜ੍ਹੇ ਬੋਹੜ ਦੇ ਟਾਹਣ 'ਤੇ ਟੰਗ ਦਿੱਤਾ। ਸਾਰਾ ਪਿੰਡ ਹੈਰਾਨ ਹੋ ਗਿਆ। ਫੈਸਲਾ ਕੀਤਾ ਕਿ ਪੁੜ ਇਥੇ ਹੀ ਟੰਗਿਆ ਰਹਿਣ ਦਿਓ। ਫਤਿਹ ਸਿੰਘ ਦੀ ਤਾਕਤ ਦੀ ਨਿਸ਼ਾਨੀ ਆਉਣ ਵਾਲੀ ਪੀੜ੍ਹੀ ਲਈ ਪੱਥ ਪ੍ਰਦਰਸ਼ਨ ਬਣੀ ਰਹੇ। ਸੋ ਉਹ ਪੁੜ ਹੁਣ ਤੀਕ ਉਸ ਬੋਹੜ ਨਾਲ ਟੰਗਿਆ ਹੋਇਆ ਹੈ।

**ਸਾਹਨ ਨਾਲ ਘੋਲ** : ਸ੍ਰੀ ਭੈਣੀ ਸਾਹਿਬ ਆਪ ਇਕ ਦਿਨ ਜੰਗਲ ਮੈਦਾਨ ਜਾ ਰਹੇ ਸਨ। ਅਚਨਚੇਤ ਇਕ ਬੜਾ ਤਕੜਾ ਸਾਹਨ ਪਹਿਲਵਾਨ ਦੇ ਗਲ ਆ ਪਿਆ। ਫਤਹਿ ਸਿੰਘ ਨੇ ਸਾਹਨ ਨੂੰ ਆਉਂਦਿਆਂ ਹੀ ਸਿੰਗਾਂ ਤੋਂ ਫੜ ਲਿਆ। ਕਹਿੰਦੇ ਹਨ ਕਿ ਦੋ ਘੰਟੇ ਘੋਲ ਹੁੰਦਾ ਰਿਹਾ, ਅੰਤ ਸਾਹਨ ਨੇ ਜੀਭ ਕੱਢ ਲਈ। ਅੰਤ ਫਤਿਹ ਸਿੰਘ ਨੇ ਸਾਹਨ ਨੂੰ ਥਾਪੀ ਦੇ ਕੇ ਕਿਹਾ, "ਪੁੱਤਰਾ ਜੋਰ ਕਰਵਾ ਦਿੱਤਾ ਸੀ। ਸਾਹਨ ਨੂੰ ਛੱਡਣ ਦੀ ਦੇਰ ਸੀ ਕਿ ਬਾਂ-ਬਾਂ ਕਰਦਾ ਭੱਜ ਗਿਆ। ਉਸ ਤੋਂ ਪਿੱਛੋਂ ਉਹ ਸਾਹਨ ਕਿਸੇ ਨੇ ਵੀ ਭੈਣੀ ਸਾਹਿਬ ਦੀ ਜੂਹ ਵਿਚ ਨਹੀਂ ਵੇਖਿਆ।

**ਹੰਕਾਰ ਤੋੜਨਾ** : ਇਕ ਦਿਨ ਸੰਤ ਫਤਿਹ ਸਿੰਘ ਆਪਣੀ ਪਤਨੀ ਨਾਲ ਭੈਣੀ ਸਾਹਿਬ ਦਰਸ਼ਨ ਕਰਨ ਆਇਆ। ਉਸ ਦੀ ਪਤਨੀ ਨੇ ਬਹੁਤ ਗਹਿਣੇ ਪਹਿਨੇ ਹੋਏ ਸਨ। ਪਹਿਲਵਾਨ ਆਪਣੀ ਪਤਨੀ ਨੂੰ ਮੋਢਿਆਂ ਤੇ ਚੁੱਕ ਕੇ ਲਿਆ ਰਿਹਾ ਸੀ। ਵੇਖਣ ਵਾਲੇ ਤਮਾਸ਼ਬੀਨ ਕਈ ਗੱਲਾਂ ਕਰਦੇ ਸਨ ਕਿ ਚਿੜੀ ਜਿੰਨੀ ਜਨਾਨੀ ਨੂੰ ਮੋਢਿਆਂ ਤੇ ਚੁੱਕੀ ਫਿਰਦਾ ਹੈ।

ਜਦ ਉਹ ਥੱਕ ਜਾਂਦੀ ਤਾਂ ਕਿਸੇ ਰੁੱਖ ਥੱਲੇ ਬੈਠਣ ਦਾ ਹੁਕਮ ਦਿੰਦੀ। ਫਤਹਿ ਸਿੰਘ ਉਥੇ ਹੀ ਖੜਾ ਹੋ ਜਾਂਦਾ। ਜਦੋਂ ਉਸ ਨੂੰ ਮੋਢਿਆਂ 'ਤੇ ਚੁੱਕ ਕੇ ਭੈਣੀ ਸਾਹਿਬ ਪੁੱਜਾ। ਅਗੋਂ ਸਤਿਗੁਰੂ ਜੀ ਦੇ ਦਰਸ਼ਨਾਂ ਵਿਚ ਪੁਲੀਸ ਅੜਿੱਕਾ ਬਣੀ ਹੋਈ ਸੀ। ਪੁਲੀਸ ਦਾ ਹੌਲਦਾਰ ਅੰਦਰ ਨਹੀਂ ਸੀ ਜਾਣ ਦਿੰਦਾ। ਫਤਿਹ ਸਿੰਘ ਹੌਲਦਾਰ ਨੂੰ ਸੰਘੀਓਂ ਫੜਕੇ ਘਸੀਟਦਾ ਗੁਰੂ ਜੀ ਦੇ ਚੁਬਾਰੇ ਵਿੱਚ ਲੈ ਗਿਆ। ਗੁਰੂ ਜੀ ਨੇ ਹੌਲਦਾਰ ਨੂੰ ਦੁੱਧ ਪਿਆ ਕੇ ਰਾਜ਼ੀ ਕੀਤਾ ਤੇ ਪਹਿਲਵਾਨ ਨੂੰ ਪਿਆਰ ਕੀਤਾ।

ਪਹਿਲਵਾਨ ਦੀ ਪਤਨੀ ਸਤਿਗੁਰਾਂ ਦਾ ਧੰਨਵਾਦ ਕਰਨ ਲੱਗੀ। ਕਿਸੇ ਪੱਛਿਆ, "ਧੰਨਵਾਦ ਕਿਸ ਗੱਲ ਦਾ ਪਹਿਲਵਾਨ ਦੀ ਪਤਨੀ ਕਹਿਣ ਲੱਗੀ ਮੈਂ ਸਰੀਰ ਦੀ ਪਤਲੀ ਤੇ ਕਮਜ਼ੋਰ ਸੀ। ਇਹ ਦੇਓ ਜਿੱਡੇ ਅਕਾਰ ਦਾ ਆਦਮੀ, ਮੈਨੂੰ ਗੱਲ-ਗੱਲ 'ਤੇ ਕੁੱਟਦਾ ਮਾਰਦਾ ਰਹਿੰਦਾ ਸੀ। ਮੈਂ ਜ਼ਿੰਦਗੀ ਤੇ ਮੌਤ ਵਿਚ ਕਿੰਨਾ ਚਿਰ ਘੋਲ ਕਰਦੀ ਰਹੀ। ਇਕ ਦਿਨ ਮੈਂ ਗੁਰੂ ਹਰੀ ਸਿੰਘ ਜੀ ਅੱਗੇ ਬੇਨਤੀ ਕੀਤੀ ਕਿ ਮੈਂ ਬੜੀ ਤੰਗ ਹਾਂ ਮੇਰੀ ਜਾਨ ਛੁਡਾਓ। ਕੁੱਟ ਖਾ ਖਾ ਕੇ ਮੇਰੇ ਹੱਡ ਵੀ ਕਾਣੇ ਪੈ ਗਏ ਹਨ। ਸਤਿਗੁਰੂ ਜੀ ਕਹਿਣ ਲੱਗੇ ਫਤਹਿ ਸਿੰਘ ਤੀਵੀਂ ਨੂੰ ਮਾਰਨਾ ਧਰਮ ਨਹੀਂ। ਮਾਈਆਂ ਰੱਬ ਰਜਾਈਆਂ। ਗੁਰੂ ਤੇਗ ਬਹਾਦਰ ਜੀ ਦਾ ਬਚਨ ਹੈ। ਗੁਰੂ ਨਾਨਕ ਦੇਵ ਜੀ ਦਾ ਫਰਮਾਨ ਹੈ- ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ ਫਤਹਿ ਸਿੰਘ ਤੇ ਕੋਈ ਅਸਰ ਨਾ ਹੋਇਆ। ਸਗੋਂ ਵਿਚੇ-ਵਿਚ ਵਿਸ ਘੋਲਦਾ ਰਿਹਾ। ਗੁਰੂ ਹਰੀ ਸਿੰਘ ਜੀ ਕਿਹਾ, "ਮਾਨੋ, (ਉਸ ਤੀਵੀਂ ਦਾ ਨਾਮ ਸੀ) ਚੜ੍ਹ ਏਦੇ ਮੋਢਿਆਂ 'ਤੇ ਮੈਂ ਵੇਖਦਾਂ ਤੈਨੂੰ ਕਿਵੇਂ ਉਤਾਰਦਾ ਹੈ।"

ਮਾਨੋ ਛੜੱਪਾ ਮਾਰ ਕੇ ਕੰਧਾੜਿਆਂ 'ਤੇ ਜਾ ਚੜ੍ਹੀ। ਬੱਸ ਉਸ ਦਾ ਐਸਾ ਮਨ ਫਿਰਿਆ ਕਿ ਫਤਹਿ ਸਿੰਘ ਬੱਕਰੀ ਬਣ ਗਿਆ। ਹਰ ਵੇਲੇ ਮਾਨੋ ਨੂੰ ਮੋਢਿਆਂ ਤੇ ਹੀ ਚੁੱਕੀ ਫਿਰਦਾ ਜਿੱਥੇ ਕਹਿੰਦੀ ਬੈਠ ਜਾ, ਉਥੇ ਬੈਠ ਜਾਂਦਾ। ਜਿੱਥੇ ਕਹਿੰਦੀ ਖਲੋ ਜਾ ਉੱਥੇ ਖਲੋ ਜਾਂਦਾ। ਮਾਨੋ ਕਹੇ, "ਇਹ ਮੇਰੇ ਸਤਿਗੁਰੂ ਜੀ ਦੀ ਕਰਾਮਾਤ ਹੈ। ਜਿਨ੍ਹਾਂ ਮੈਨੂੰ ਕੁੱਟ ਤੋਂ ਬਚਾ ਕੇ ਮੇਰੀ ਸੇਵਾ 'ਤੇ ਲਾ ਦਿੱਤਾ ਹੈ। ਮੈਂ ਗੁਰੂ ਜੀ ਦਾ ਕੋਟਨ-ਕੋਟ ਧੰਨਵਾਦ ਕਿਉਂ ਨਾ ਕਰਾਂ। ਜਿਨ੍ਹਾਂ ਮੇਰੀ ਜੂਨ ਸਵਾਰ ਦਿੱਤੀ ਹੈ।" **ਖੂਹ ਵਿਚੋਂ ਪਾਣੀ ਦੀ ਥਾਂ ਦੁੱਧ** ਫਤਿਹ ਸਿੰਘ ਤੇ ਉਸਦੀ ਸਿੰਘਣੀ ਰਾਈਆਂ ਵਾਲੇ ਖੂਹ ਤੇ ਆ ਕੇ ਬਹਿ ਗਏ। ਮੌਜੀ ਗੁਰੂ ਜੀ ਵੀ ਉਸ ਪਾਸੇ ਆ ਗਏ। ਅੱਗੇ ਜੋੜੀ ਬੈਠੀ ਸੀ। ਫਤਿਹ ਸਿੰਘ ਨੇ ਉੱਠ ਕੇ ਚਰਨੀਂ ਹੱਥ ਲਾਇਆ। ਗੁਰੂ ਜੀ ਨੇ ਆਪਣੇ ਸੇਵਕ ਦਾਨ ਸਿੰਘ ਨੂੰ ਕਿਹਾ, "ਦਾਨ ਸਿੰਘ ਪਹਿਲਵਾਨ ਦੂਰੋਂ ਆਇਆ ਹੈ। ਲਿਆ ਇਸ ਵਾਸਤੇ ਦੁੱਧ।" ਪਹਿਲਵਾਨ ਨੇ ਸੋਚਿਆ ਕਿ ਮੈਂ ਤਾਂ ਸਾਰੇ ਪਿੰਡ ਦਾ ਦੁੱਧ ਪੀ ਕੇ ਨਾ ਰੱਜਾਂ, ਇਹ ਕਿਵੇਂ ਰਜਾ ਲੈਣਗੇ? ਗੁਰੂ ਜੀ ਨੇ ਪਹਿਲਵਾਨ ਨੂੰ ਕਿਹਾ, "ਫਤਹਿ ਸਿੰਘ ਤੂੰ ਉੱਠ ਤੇ ਦੁੱਧ ਆਉਣ ਤੱਕ ਪੰਜ ਇਸ਼ਨਾਨਾ ਕਰ ਲੈ।" ਜਦੋਂ ਉਸਨੇ ਗੜਵਾ ਖੂਹ ਵਿਚ ਵਗਾਇਆ ਤਾਂ ਉਸ ਦੀ ਹੈਰਾਨੀ ਦੀ ਹੱਦ ਨਾ ਰਹੀ। ਗੜਵੇ ਵਿਚ ਪਾਣੀ ਨਹੀਂ ਦੁੱਧ ਸੀ। ਪਹਿਲਵਾਨ ਦੇ ਹੱਥੋਂ ਗੜਵਾ ਡਿੱਗ ਪਿਆ ਤੇ ਆਪ ਸਤਿਗੁਰਾਂ ਦੇ ਚਰਨੀਂ ਢਹਿ ਪਿਆ।

# ਖ਼ਬਰਨਾਮਾ

## ਅੱਸੂ ਦੇ ਮੇਲੇ ਦੀ ਆਰੰਭਤਾ

**17-9-2022**

ਨਾਮਧਾਰੀ ਸਮਾਜ ਵਿੱਚ ਅੱਸੂ ਦੇ ਮਹੀਨੇ ਦੀ ਬਹੁਤ ਮਹਾਨਤਾ ਹੈ। ਇਸ ਸਾਰਾ ਮਹੀਨੇ ਵੱਧ-ਤੋਂ-ਵੱਧ ਗੁਰਬਾਣੀ, ਨਾਮ-ਸਿਮਰਨ, ਕੀਰਤਨ, ਸੇਵਾ, ਸਾਧ-ਸੰਗਤ ਪੜ੍ਹਦੀ, ਸੁਣਦੀ, ਕਰਦੀ ਹੈ। ਵੱਖ-ਵੱਖ ਨਗਰਾਂ, ਦੇਸ-ਦੇਸਾਤਰਾਂ ਦੀ ਸਾਧ-ਸੰਗਤ ਇਕੱਤਰ ਹੋ ਭਜਨ ਬੰਦਗੀ ਵਿੱਚ ਲਗਦੀ ਹੈ। ਸ੍ਰੀ ਭੈਣੀ ਸਾਹਿਬ ਇਸ ਮਹੀਨੇ ਦੀ ਰੌਣਕ ਆਲੌਕਿਕ ਹੁੰਦੀ ਹੈ। ਵੱਡੀ ਗਿਣਤੀ ਵਿੱਚ ਸੰਗਤ ਇਕ ਦਿਨ ਪਹਿਲਾਂ ਹੀ ਅੰਮ੍ਰਿਤ ਛਕ, ਪ੍ਰਯੋਗ ਲਈ ਤਿਆਰ ਹੁੰਦੀ ਹੈ।

**ਅੰਮ੍ਰਿਤ ਛਕਾਉਣ ਦੀ ਸੇਵਾ-** ਹਰ ਸਾਲ ਅੱਸੂ ਦੀ ਸੰਗਰਾਂਦ ਤੋਂ ਪਹਿਲਾ ਅੰਮ੍ਰਿਤ ਛੱਕਣ ਵਾਲਿਆਂ ਦੀ ਵੱਡੀ ਗਿਣਤੀ ਸ੍ਰੀ ਭੈਣੀ ਸਾਹਿਬ ਵਿੱਚ ਹੁੰਦੀ ਹੈ। ਇਸ ਲਈ ਬਹੁਤ ਸਾਰੇ ਸੇਵਾਦਾਰ ਇਸ ਕਾਰਜ ਨੂੰ ਕਰਨ ਲਈ ਲਗਦੇ ਹਨ। ਸੂਬਾ ਹਰਜੀਤ ਸਿੰਘ ਮੁਠੱਡਾ ਅਤੇ ਉਨ੍ਹਾਂ ਦੇ ਨਾਲ ਦੁਆਬੇ ਦੀ ਸਾਧ ਸੰਗਤ ਹਰ ਸਾਲ ਇਸ ਵੱਡੀ ਸੇਵਾ ਨੂੰ ਨਿਭਾਉਂਦੇ ਹਨ। ਉਹ ਸਭ ਤੋਂ ਪਹਿਲਾਂ ਅੰਮ੍ਰਿਤ ਤਿਆਰ ਕਰਦੇ ਹਨ ਤੇ ਵਾਰੋ-ਵਾਰੀ ਸਾਧ ਸੰਗਤ ਨੂੰ ਛਕਾਉਂਦੇ ਹਨ। ਦੋ ਦਿਨ ਤੇ ਦੋ ਰਾਤਾਂ ਲਗਾਤਾਰ ਇਹ ਸੇਵਾ ਚਲਦੀ ਰਹਿੰਦੀ ਹੈ। ਵੈਸੇ ਤਾਂ ਸ੍ਰੀ ਭੈਣੀ ਸਾਹਿਬ ਅੰਮ੍ਰਿਤ ਛਕਾਉਣ ਲਈ ਪੱਕੇ ਸੇਵਾਦਾਰ ਮੌਜੂਦ ਹਨ ਜੋ ਸਾਰਾ ਸਾਲ ਇਹ ਸੇਵਾ ਨਿਭਾਉਂਦੇ ਹਨ ਪਰ ਇਸ ਮਹੀਨੇ ਤੇ ਵੱਡੀ ਗਿਣਤੀ 'ਚ ਸੰਗਤ ਆਉਣ ਕਰਕੇ ਇਹ ਸੇਵਾ ਦੁਆਬੇ ਦੀ ਸਾਧ-ਸੰਗਤ ਸਾਂਭਦੀ ਹੈ।

**ਅਰਦਾਸ-** ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਆਰੰਭ ਦੀ ਅਰਦਾਸ ਦਾ ਸਮਾਂ ਇਸ ਸਾਲ 3 ਵਜੇ ਸੀ। ਦੋ ਵਜੇ ਹੀ ਪ੍ਰਤਾਪ ਮੰਦਰ ਦੇ ਅੰਦਰ ਬਾਹਰ ਅਰਦਾਸ ਵਿੱਚ ਸ਼ਾਮਲ ਹੋਣ ਵਾਲੀ ਸਾਧ-ਸੰਗਤ ਦੀ ਵੱਡੀ ਗਿਣਤੀ ਸੀ। ਪੂਰੇ ਤਿੰਨ ਵਜੇ ਸੂਬਾ ਬਲਵਿੰਦਰ ਸਿੰਘ ਜੀ ਨੇ ਸਤਿਗੁਰੂ ਜੀ ਦੀ ਹਜ਼ੂਰੀ 'ਚ ਅਰਦਾਸ ਕੀਤੀ। ਚਾਰ ਵਜੇ ਰਾਗੀ ਸਿੰਘਾਂ ਨੇ ਆਸਾ ਦੀ ਵਾਰ ਦਾ ਕੀਰਤਨ ਆਰੰਭ ਕੀਤਾ। ਜਿਸ ਦਾ ਭੋਗ ਸੂਰਜ ਚੜੇ ਨਾਲ ਪਿਆ। ਸਾਧ ਸੰਗਤ ਨੇ ਗੁਰੂ ਦਰਸ਼ਨਾਂ ਦਾ ਲਾਹਾ ਲੈ ਜਿਥੇ ਨੇਤ੍ਰ ਪਵਿੱਤਰ ਕੀਤੇ ਉਥੇ ਰਸਨਾ ਨਾਲ ਜੱਪ ਕੇ ਅਤੇ ਕੰਨ ਗੁਰਬਾਣੀ ਸੁਣ ਸਫ਼ਲੇ ਕੀਤੇ। ਸਾਰਾ ਮਹੀਨਾ ਇਸ ਤਰ੍ਹਾਂ ਹੀ ਸੰਗਤ ਸਵੇਰੇ ਅਰਦਾਸ ਵਿੱਚ ਜੁੜਦੀ ਰਹੇਗੀ।

**ਲੰਗਰ-** ਇਨ੍ਹਾਂ ਦਿਨਾਂ ਵਿੱਚ ਲੰਗਰ ਵਿੱਚ ਲਗੇ ਲਾਂਗਰੀ ਸਿੰਘਾਂ ਤੋਂ ਬਿਨਾ ਹੋਰ ਨਵੇਂ ਨੌਜਵਾਨ, ਲੰਗਰ ਦੀ ਸੇਵਾ ਬੜੇ ਚਾਹ ਨਾਲ ਕਰਦੇ ਹਨ। ਸਵੇਰੇ 4 ਵਜੇ ਸੰਗਤਾਂ ਲਈ ਸ਼ਰਦਾਈ ਤੇ ਗਲੋਅ ਤਿਆਰ ਹੋ ਜਾਂਦੀ ਹੈ। ਕਈ ਸਰੀਰ ਦੀਵਾਨ ਹਾਲ 'ਚੋਂ ਉਠ ਸ਼ਰਦਾਈ ਅਤੇ ਗਲੋਅ ਛੱਕਣ ਲੰਗਰ ਆ ਜਾਂਦੇ ਹਨ ਅਤੇ ਛੱਕ ਕੇ ਦੁਬਾਰਾ ਕੀਰਤਨ ਦਾ ਆਨੰਦ ਮਾਣਦੇ ਹਨ। ਲੰਗਰ ਵਿੱਚ ਭਾਂਤ-ਭਾਂਤ ਦੇ ਪਦਾਰਥ ਲਾਂਗਰੀ ਸਿੱਖ ਬਣਾਉਂਦੇ ਹਨ। ਦਾਲ-ਭਾਜੇ ਤੋਂ ਬਿਨਾਂ ਘਿਊਂ, ਸ਼ੱਕਰ, ਸਲਾਦ ਕਈ ਤਰ੍ਹਾਂ ਦਾ ਅਚਾਰ ਰੋਜ ਲੰਗਰ ਵਿੱਚ ਵਰਤਦਾ ਹੈ।

**ਕੋਠੀ ਵਿੱਚ ਪ੍ਰਯੋਗ-** ਸ੍ਰੀ ਸਤਿਗੁਰੂ ਜੀ ਦਾ ਪ੍ਰਯੋਗ ਬਾਗ ਵਾਲੀ ਕੋਠੀ ਵਿੱਚ ਹੁੰਦਾ ਹੈ। ਪ੍ਰਯੋਗ ਤੋਂ ਪਹਿਲਾਂ ਕੋਠੀ ਵਿੱਚ ਆਖੰਡ ਪਾਠ ਕੀਤਾ ਜਾਂਦਾ ਹੈ। ਨਿਰਧਾਰਿਤ ਕਮਰੇ ਵਿੱਚ ਸ੍ਰੀ ਸਤਿਗੁਰੂ ਜੀ ਸਵੇਰੇ ਡੇਢ ਵਜੇ ਤੋਂ ਲੈ ਕੇ 4 ਵਜੇ ਤੱਕ ਬੈਠ ਜਪ ਪ੍ਰਯੋਗ ਕਰਦੇ ਹਨ। 4 ਵਜੇ ਆਸਾ ਦੀ ਵਾਰ ਵਿੱਚ ਆ ਦਰਸ਼ਨ ਦਿੰਦੇ ਹਨ।

**ਦੁਪਹਿਰ ਦਾ ਪ੍ਰੋਗਰਾਮ-** ਸਾਧ ਸੰਗਤ ਲੰਗਰ ਛੱਕ ਅਰਾਮ ਕਰ 12 ਵਜੇ ਪ੍ਰਤਾਪ ਮੰਦਰ ਪਹੁੰਚ ਜਾਂਦੀ ਹੈ। ਸਾਢੇ ਬਾਰਾਂ ਵਿੱਚ ਕਥਾ ਆਰੰਭ ਹੁੰਦੀ ਹੈ। ਇਸ ਵਾਰੀ ਸੰਤ ਨਿਸ਼ਾਨ ਸਿੰਘ ਜੀ ਨੇ ਗਿਆਨੀ ਗਿਆਨ ਸਿੰਘ ਦੇ ਲਿਖੇ ਕੂਕਿਆਂ ਬਾਰੇ ਕਬਿੱਤਾ ਦੀ ਕਥਾ ਕਰ ਰਹੇ ਹਨ। ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਦਾ ਪਾਠ ਹੁੰਦਾ ਹੈ। ਸ੍ਰੀ ਸਤਿਗੁਰੂ ਜੀ ਵੀ ਕਦੀ-ਕਦੀ ਸੰਗਤ 'ਚ ਇਹ ਪਾਠ ਕਰਦੇ ਹਨ। ਇਕ ਘੰਟਾ ਨਾਮ ਸਿਮਰਨ ਕਰਨ ਤੋਂ ਬਾਅਦ ਕੀਰਤਨ ਦੀ ਆਰੰਭ ਹੁੰਦਾ ਹੈ।

**ਜੋਟੀਆਂ ਦੇ ਸ਼ਬਦ-** ਪੁਰਾਤਨ ਪ੍ਰੰਪਰਾ ਅਨੁਸਾਰ ਜੋਟੀਆਂ ਦੇ ਸ਼ਬਦ ਪੜ੍ਹੇ ਜਾਂਦੇ ਹਨ। ਜਥਾ ਢੋਲਕੀ ਛੈਣਿਆਂ ਨਾਲ ਗੁਰਬਾਣੀ ਦੇ ਸ਼ਬਦ ਪੜ੍ਹਦਾ ਹੈ। ਇਹ ਪ੍ਰੰਪਰਾ ਬਾਬਾ ਬੁੱਢਾ ਜੀ ਤੋਂ ਚੱਲੀ ਆ ਰਹੀ ਹੈ।

ਇਹ ਮਹੀਨੇ ਸਾਧ-ਸੰਗਤ ਸੋਧ ਰੱਖ ਆਪਣਾ ਰਹਿਣ ਸਹਿਣ ਕੁਦਰਤੀ ਕਰ ਲੈਂਦੀ ਹੈ। ਬਜਾਰ ਦੇ ਖਾਣੇ ਤੋਂ ਪ੍ਰਹੇਜ਼ ਕੀਤਾ ਜਾਂਦਾ ਹੈ। ਸਾਂਤਵਿਕ ਭੋਜਣ ਛੱਕਣਾ, ਵੱਧ ਤੋਂ ਵੱਧ ਸਮਾਂ ਕੀਰਤਨ, ਗੁਰਬਾਣੀ, ਨਾਮ-ਸਿਮਰਨ, ਕਥਾ ਸੁਣਦਿਆਂ ਬਤੀਤ ਕਰਨਾ, ਘੱਟ ਬੋਲਣਾ, ਘੱਟ ਖਾਣਾ, ਈਰਖਾ, ਚੁਗਲੀ, ਨਿੰਦਿਆਂ ਤੋਂ ਬਚਣਾ ਜਿਸ ਨਾਲ ਮਨ ਸਤਿਗੁਰੂ ਚਰਨਾਂ ਨਾਲ ਜੁੜ ਸਕੇ।

**ਗੁਰਦੇਵ ਸਿੰਘ ਚੀਮਾ**

## ਅਮਰੀਕਾ-ਕਨੇਡਾ ਦੌਰਾ

**ਸ੍ਰੀ ਸਤਿਗੁਰੂ ਜੀ ਗੋਰੇ ਦੇ ਡੇਅਰੀ ਫਾਰਮ ਵਿਖੇ ਦੁਪਹਿਰੇ ਪਧਾਰੇ:** ਅੱਜ ਸ੍ਰੀ ਸਤਿਗੁਰੂ ਜੀ ਇੰਡੀਆਨਾ ਪੋਲਿਸ ਤੋਂ ਸ਼ਿਕਾਗੋ ਵਾਸਤੇ ਕਾਰਾਂ ਤੇ ਰਵਾਨਾ ਹੋਏ। ਡੇਰਿਓਂ ਰਵਾਨਾ ਹੋ ਕੇ ਇੰਡਿਆਨਾ ਵਿਖੇ ਹੀ ਇੱਕ ਗੋਰੇ ਦੇ ਡੇਅਰੀ ਫਾਰਮ ਵੇਖਣ ਗਏ।

Dandy Breege Dairy And Creamery ਦੇ ਮਾਲਕ Mr. Tom Waitt ਨਾਲ ਰਾਬਤਾ ਬਣਨ ਦਾ ਸਬੱਬ ਇਹ ਬਣਿਆ ਕਿ ਪਿਛਲੇ ਕੁਝ ਵਰ੍ਹਿਆਂ ਤੋਂ ਸ੍ਰੀ ਸਤਿਗੁਰੂ ਉਦੇ ਸਿੰਘ ਇਨ੍ਹਾਂ ਪੱਛਮੀ ਦੇਸ਼ਾਂ ਵਿਚ ਆ ਗਏ ਦੁੱਧ ਅਤੇ ਦੁੱਧ ਤੋਂ ਬਣੀਆਂ ਚੀਜ਼ਾਂ ਨਹੀਂ ਛਕਦੇ। ਕਾਰਨ ਇਹ ਹੈ ਕਿ ਇਹ ਲੋਕ ਉਨ੍ਹਾਂ ਚਿਰ ਹੀ ਗਊਆਂ ਪਾਲਦੇ ਹਨ ਜਦ ਤੱਕ ਉਹ ਪੀਕ ਲੈਵਲ ਪੂਰਾ ਦੁੱਧ ਦੇਂਦੀਆਂ ਹਨ। 4-5 ਸੂਏ ਤੋਂ ਜਦੋਂ ਹੀ ਦੁੱਧ ਘਟਣ ਲੱਗਦਾ ਹੈ ਤਾਂ ਗਊਆਂ ਬੂਚੜਖਾਨੇ ਭੇਜ ਦਿੰਦੇ ਹਨ ਮੀਟ ਵਾਸਤੇ। ਦੂਸਰਾ ਕਾਰਨ ਹੈ ਕਿ ਇਹ ਗਊਆਂ ਨੂੰ ਫੀਡ ਵਿੱਚ ਕੈਲਸ਼ੀਅਮ ਵਾਸਤੇ ਹੱਡੀਆਂ ਪੀਸ ਕੇ ਦੇਂਦੇ ਹਨ ਅਤੇ ਬੁੱਚੜਖਾਨਿਆਂ ਤੋਂ ਪ੍ਰਾਪਤ ਪਸ਼ੂਆਂ ਦਾ ਖ਼ੂਨ ਵੀ ਸੁਕਾ ਕੇ ਪਸ਼ੂਆਂ ਦੇ ਫੀਡ ਵਿੱਚ ਰਲਾਅ ਦੇਂਦੇ ਹਨ ਪਰ ਇਹ ਗੋਰਾ ਗਊਆਂ ਸਲਾਟਰ ਹਾਊਸ ਨਹੀਂ ਦਿੰਦਾ। ਇਸ ਦਾ ਸੰਪਰਕ ਨਾਮਧਾਰੀ ਨੌਜਵਾਨ ਡਾ. ਅਮਨਪ੍ਰੀਤ ਸਿੰਘ ਡੈਂਟਿਸਟ ਦੇ ਰਾਹੀਂ ਹੋਇਆ। ਬਲਬੀਰ ਸਿੰਘ ਬਿੱਟੂ ਦਿੱਲੀ ਨੇ ਕਿਸੇ ਦੇ ਘਰ ਕੰਮ ਕੀਤਾ ਉਸ ਸੱਜਣ ਨੇ ਦੱਸਿਆ ਕਿ ਮੈਂ ਇੱਕ ਗੋਰੇ ਦੇ ਛੋਟੇ ਜਿਹੇ ਡੇਅਰੀ ਫਾਰਮ ਤੋਂ ਦੁੱਧ ਲਿਆਉਂਦਾ ਹਾਂ। ਉਸ ਦਾ ਦੁੱਧ ਬਹੁਤ ਵਧੀਆ ਹੈ। ਇਸ ਲਈ ਡਾ. ਅਮਨਪ੍ਰੀਤ ਸਿੰਘ ਇਸ ਗੋਰੇ ਦੇ ਡੇਅਰੀ ਫਾਰਮ ਵਿੱਚ ਗਿਆ। ਸਾਰਾ ਪਤਾ ਕੀਤਾ ਕਿ ਨਾਂ ਤੇ ਗਊਆਂ ਨੂੰ ਕੁਸ਼ ਨਾਨ ਵੈੱਜ ਵਸਤੂ ਖੁਰਾਕ ਵਿਚ ਦਿੰਦਾ ਹੈ ਅਤੇ ਨਾ ਹੀ ਗਊਆਂ ਬੁੱਚੜਖਾਨੇ ਭੇਜਦਾ ਹੈ। ਇਸ ਲਈ ਡਾ. ਅਮਨਪ੍ਰੀਤ ਸਿੰਘ ਨੇ ਇਸੇ ਡੇਅਰੀ ਤੋਂ ਦੁੱਧ ਖਰੀਦਣਾ ਸ਼ੁਰੂ ਕੀਤਾ ਨਿਊ ਯਾਰਕ ਵੀ ਸਤਿਗੁਰੂ ਜੀ ਵਾਸਤੇ ਦੁੱਧ ਸੇ ਡੇਅਰੀ ਫਾਰਮ ਤੋਂ ਹੀ ਲਿਜਾਇਆ ਗਿਆ ਸੀ। ਡਾ. ਅਮਨਪ੍ਰੀਤ ਨੇ ਗੋਰੇ ਨੂੰ ਨਾਮਧਾਰੀ ਇਤਿਹਾਸ ਬਾਰੇ ਗਊ ਰੱਖਿਆ ਲਈ ਕੀਤੀਆਂ ਕੁਰਬਾਨੀਆਂ ਬਾਰੇ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਸਾਡੀ ਕਮਿਊਨਿਟੀ ਨਾਮਧਾਰੀ ਸਿੱਖ ਸੰਗਤ ਦੇ ਵਰਤਮਾਨ ਗੁਰੂ ਸਤਿਗੁਰੂ ਉਦੇ ਸਿੰਘ ਜੀ ਆ ਰਹੇ ਹਨ। ਮਿਸਟਰ ਟੌਮ ਨੇ ਇੱਛਾ ਜ਼ਾਹਰ ਕੀਤੀ ਕਿ ਜੇ ਮੇਰਾ ਡੇਅਰੀ ਫਾਰਮ ਵੇਖਣ ਤਾਂ ਮੈਨੂੰ ਬਹੁਤ ਖ਼ੁਸ਼ੀ ਹੋਵੇਗੀ ਸੋ ਡਾ. ਅਮਨਪ੍ਰੀਤ ਸਿੰਘ ਦੇ ਅਰਜ਼ ਕਰਨ ਤੇ ਸ੍ਰੀ ਸਤਿਗੁਰੂ ਜੀ ਅੱਜ ਦੁਪਹਿਰੇ ਮਿਸਟਰ ਟੌਮ ਦੇ ਡੇਅਰੀ ਫਾਰਮ ਵਿਖੇ ਚਰਨ ਪਾਏ। ਗੋਰੇ ਮਿਸਟਰ ਟੌਮ ਅਤੇ ਉਸਦੀ ਮੇਮ ਨੇ ਸ੍ਰੀ ਸਤਿਗੁਰੂ ਜੀ ਨੂੰ ਵੈਲਕਮ ਕੀਤਾ। ਮਿਸਟਰ ਟੌਮ ਨਾਲ ਸ੍ਰੀ ਸਤਿਗੁਰੂ ਜੀ ਖੁੱਲ੍ਹੀਆਂ ਚਰਨ ਰਹੀਆਂ ਗਊਆਂ ਪਾਸ ਗਏ। ਉਸ ਨੇ ਦੱਸਿਆ ਕਿ ਮੇਰਾ ਛੋਟਾ ਜਿਹਾ ਡੇਅਰੀ ਫਾਰਮ ਹੈ ਜਿਸ ਵਿੱਚ ਪਚਾਸੀ ਕੁ ਗਊਆਂ ਹਨ। ਜਿਨ੍ਹਾਂ 'ਚੋਂ ਪਨਤਾਲੀ ਕੁ ਗਊਆਂ ਦੁੱਧ ਦੇ ਰਹੀਆਂ ਹਨ। ਉਸ ਦੱਸਿਆ ਕਿ ਇਸ ਨਸਲ ਦੀਆਂ ਗਊਆਂ ਦਾ ਔਰੀਜਨ ਏਰੀਆ ਬ੍ਰਿਟਿਸ਼ ਆਈ ਲੈਂਡ ਜਰਸੀ ਆਈਲੈਂਡ ਹੈ ਅਸੀਂ ਇਨ੍ਹਾਂ ਨੂੰ ਖੁਰਾਕ ਵਿਚ ਕੋਈ ਨੌਨ ਵੈੱਜ ਫੀਡ ਨਹੀਂ ਦੇਂਦੇ। ਇਹ ਖੁੱਲ੍ਹੀਆਂ ਹੀ ਘਾਹ ਚਰਦੀਆਂ ਰਹਿੰਦੀਆਂ ਹਨ। ਇਹ ਛੇਵੀਂ ਸਦੀ ਤੋਂ ਚੱਲ ਰਹੀ ਜਰਸੀ ਨਸਲ ਦਾ ਸ਼ੁੱਧ ਰੂਪ ਹੈ ਅਤੇ ਕਰੀਬ 1850 ਵਿੱਚ ਅਮਰੀਕਾ ਵਿੱਚ ਲਿਆਂਦੀਆਂ ਗਈਆਂ। ਇਹ ਦੁੱਧ ਤੇ ਮੱਖਣ ਦੀ ਪੈਦਾਵਾਰ ਲਈ ਵਧੀਆ ਨਸਲ ਮੰਨੀ ਜਾਂਦੀ ਹੈ। ਮਿਸਟਰ ਟੌਮ ਨੇ ਦੱਸਿਆ ਕਿ ਅਤੇ ਮਿਲਕ ਅਤੇ ਮਿਲਕ ਪ੍ਰੋਡਕਟ ਵੀ ਤਿਆਰ ਕਰਕੇ ਵੇਚਦੇ ਹਾਂ। ਸ੍ਰੀ ਸਤਿਗੁਰੂ ਜੀ ਨੇ ਚਾਕਲੇਟ ਮਿਲਕ ਬਾਰੇ ਪੁੱਛਿਆ ਕਿ ਉਸ ਵਿਚ ਤਰਲ ਸਿਰਪ ਲਿਕੁਅਡ ਸਿਰਫ਼ ਤਾਂ ਨਹੀਂ ਵਰਤਦੇ? ਉਸ ਨੇ ਦੱਸਿਆ ਕਿ ਚਾਕਲੇਟ ਵਾਸਤੇ ਸੁੱਕਾ ਪਾਊਡਰ ਵਰਤਦੇ ਹਾਂ। ਸ੍ਰੀ ਸਤਿਗੁਰੂ ਜੀ ਨੇ ਬੰਗਲੌਰ ਵਿਖੇ ਆਪਣੇ ਨਾਮਧਾਰੀ ਸੀਡਜ਼ ਫਾਰਮ ਅਤੇ ਨਾਮਧਾਰੀ ਡੇਅਰੀ ਫਾਰਮ ਬਾਰੇ ਵੀ ਦੱਸਿਆ, ਜਿਸ ਵਿੱਚ ਕਰੀਬ ਦੱਸ ਹਜ਼ਾਰ ਗਊਆਂ ਹਨ ਅਤੇ ਅਸੀਂ ਫਰੈਸ਼ ਦੁੱਧ ਘਿਉ ਦਹੀਂ ਅਤੇ ਹੋਰ ਵੀ ਮਿਲਕ ਪ੍ਰੋਡਕਟ ਤਿਆਰ ਕਰਦੇ ਹਾਂ। ਮਿਸਟਰ ਟੌਮ ਨੇ ਦੱਸਿਆ ਕਿ ਕਾਫ਼ੀ ਸਮਾਂ ਪਹਿਲਾਂ ਇੱਕ ਵੇਰ ਸਾਡੇ ਬੱਚਿਆਂ ਨੇ ਹੀ ਕਿਹਾ ਕਿ ਜਿੰਨਾ ਉਨ੍ਹਾਂ ਦਾ ਆਪਾਂ ਦੁੱਧ ਪੀਂਦੇ ਹਾਂ। ਉਨ੍ਹਾਂ ਨੂੰ ਮਾਰਨਾ ਬਹੁਤ ਮਾੜੀ ਗੱਲ ਹੈ ਇਨਸਾਨੀਅਤ ਨਹੀਂ ਤਾਂ ਉਦੋਂ ਤੋਂ ਅਸੀਂ ਗਊਆਂ

ਬੁੱਚੜਖਾਨੇ ਦੇਣੀਆਂ ਬੰਦ ਕਰ ਦਿੱਤੀਆਂ। ਜੋ ਗਊਆਂ ਆਪਣੀ ਮੌਤ ਮਰਦੀਆਂ ਹਨ ਉਨ੍ਹਾਂ ਨੂੰ ਨਮਕ ਪਾ ਕੇ ਦੱਬ ਦਿੰਦੇ ਹਾਂ। ਕੁਝ ਸਮੇਂ 'ਚ ਉਹ ਗਲ ਕੇ ਮਿੱਟੀ 'ਚ ਮਿੱਟੀ ਹੋ ਜਾਂਦੀਆਂ ਹਨ। ਉਹ ਮਿੱਟੀ ਵਧੀਆ ਖਾਦ ਦਾ ਕੰਮ ਦੇਂਦੀ ਹੈ ਇਸ ਤਰ੍ਹਾਂ ਸ੍ਰੀ ਸਤਿਗੁਰੂ ਜੀ ਨੇ ਕਾਫ਼ੀ ਸਮਾਂ ਮਿਸਟਰ ਟੌਮ ਦੇ ਡੇਅਰੀ ਫਾਰਮ ਦੀਆਂ ਗਊਆਂ ਵੇਖਦੇ ਅਤੇ ਮਿਸਟਰ ਟੌਮ ਨਾਲ ਬਚਨ ਬਿਲਾਸ ਕਰਦਿਆਂ ਬਿਤਾਇਆ। ਇਹ ਗਊਆਂ ਦਾ ਰੰਗ ਤਾਂ ਸਾਹੀਵਾਲ ਗਊਆਂ ਦੀ ਨਸਲ ਨਾਲ ਮਿਲਦਾ ਹੈ ਪਰ ਸ਼ਕਲ ਸੂਰਤ ਪੱਖੋਂ ਜੇ ਸਾਹੀਵਾਲ ਰਾਣੀ ਜਾਪਦੀ ਹੈ ਤਾਂ ਜਰਸੀ ਗੋਲੀ ਪ੍ਰਤੀਤ ਹੁੰਦੀ ਹੈ। ਮਿਸਟਰ ਟੌਮ ਦੀ ਡੇਅਰੀ ਦੀ ਸਾਈਟ ਤੇ ਲਿਖਿਆ ਹੈ ਕਿ ਮੇਰੀਆਂ ਗਊਆਂ ਜਿੰਨੀਆਂ ਖੁਸ਼ ਗਊਆਂ ਤੁਹਾਨੂੰ ਕਿਤੇ ਨਹੀਂ ਵੇਖਣ ਨੂੰ ਮਿਲਣਗੀਆਂ। ਕਿਉਂਕਿ ਇਹ ਗਊਆਂ ਖੁੱਲ੍ਹੀਆਂ ਰਹਿੰਦੀਆਂ ਤੇ ਵੱਡੇ ਖੁੱਲ੍ਹੇ ਫ਼ਾਰਮ 'ਚ ਚਰਦੀਆਂ ਹਨ। ਗਊਆਂ ਦੇ ਇਸ਼ਨਾਨ ਲਈ ਨਿਰਮਲ ਪਾਣੀ ਵਰਤਦਾ ਹੈ। ਕਰੀਬ 85 ਗਊਆਂ ਦਾ ਟੱਬਰ ਹੈ। ਇਥੋਂ ਸ੍ਰੀ ਸਤਿਗੁਰੂ ਜੀ ਸਿੱਖਾਂ ਸੇਵਕਾਂ ਸਹਿਤ ਸ਼ਿਕਾਗੋ ਵਾਸਤੇ ਰਵਾਨਾ ਹੋਏ।

**ਗੁਰਦੁਆਰਾ ਨਾਨਕਸਰ (ਸ਼ਿਕਾਗੋ) ਵਿਖੇ:** ਸੰਤ ਦਲਜੀਤ ਸਿੰਘ ਜੀ ਸ਼ਿਕਾਗੋ ਵਾਲਿਆਂ ਦੇ ਆਮੰਤਰਨ ਤੇ ਸ੍ਰੀ ਸਤਿਗੁਰੂ ਜੀ ਸੰਗਤਾਂ ਸਹਿਤ ਗੁਰਦੁਆਰਾ ਨਾਨਕਸਰ (Rockford Chicago) ਵਿਖੇ ਪਧਾਰੇ। ਬਾਬਾ ਦਲਜੀਤ ਸਿੰਘ ਜੀ ਨੇ ਬੜੇ ਅਦਬ ਸਹਿਤ ਸ੍ਰੀ ਸਤਿਗੁਰੂ ਜੀ ਨੂੰ ਜੀਓ ਆਇਆ ਕਿਹਾ, ਨਤਮਸਤਕ ਹੋਏ। ਬਾਬਾ ਜੀ ਨੇ ਸ੍ਰੀ ਸਤਿਗੁਰੂ ਜੀ ਨੂੰ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਵਾਏ। ਆਪਨੇ ਦੱਸਿਆ ਕਿ ਮੇਰੀ ਪੁਰਾਣੀ ਜਗ੍ਹਾ ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਗਤਾਂ ਸਹਿਤ ਚਰਨ ਪਾਏ ਸਨ ਅਤੇ ਆਸਾ ਦੀ ਵਾਰ ਦਾ ਕੀਰਤਨ ਅਤੇ ਸ਼ਾਮ ਦਾ ਨਿਤਨੇਮ-ਕੀਰਤਨ ਵੀ ਹੋਇਆ ਸੀ। ਆਪ ਜੀ ਦੀ ਮੇਰੇ ਤੇ ਅਪਾਰ ਬਖ਼ਸ਼ਿਸ਼ ਰਹੀ ਹੈ। ਬਾਬਾ ਦਲਜੀਤ ਸਿੰਘ ਜੀ ਦੀ ਇਹ ਜਗ੍ਹਾ ਸ਼ਹਿਰੋਂ ਕੁਝ ਦੂਰ, ਇਕਾਂਤ ਵਿੱਚ, ਖੁਲ੍ਹੀ ਜਗ੍ਹਾ ਹੈ, ਬਾਬਾ ਜੀ ਬੜੇ ਨਿਰਮਾਣ ਅਤੇ ਸਾਤਵਿਕ ਪੁਰਸ਼ ਹਨ।

**14-15 ਜੁਲਾਈ, ਮੇਲਾ ਸ਼ਿਕਾਗੋ-** ਅੱਜ 14 ਜੁਲਾਈ ਸ਼ਾਮ ਦਾ ਨਾਮ ਸਿਮਰਨ ਅਤੇ ਕੀਰਤਨ ਅਤੇ 15 ਜੁਲਾਈ ਆਸਾ ਦੀ ਵਾਰ ਦਾ ਕੀਰਤਨ ਸ਼ਿਕਾਗੋ ਵਿਖੇ ਹੋਇਆ। ਬੇਸ਼ਕ ਇਸ ਸ਼ਹਿਰ ਵਿਖੇ ਇਕੋ ਹੀ ਨਾਮਧਾਰੀ ਪਰਿਵਾਰ ਹੈ ਪਰ ਹੈਣ ਬਹੁਤ ਉਦਮੀਂ ਅਤੇ ਗੁਰੂ-ਚਰਨਾਂ ਦੇ ਅਨਿੰਨ ਸੇਵਕ- ਸੰਤ ਗੁਰਮੀਤ ਸਿੰਘ ਜੀ- ਇਨ੍ਹਾਂ ਦੇ ਘਰੋਂ ਬੀਬੀ ਸਪੁੱਤਰੀ ਸੰਤ ਗਿਆਨ ਸਿੰਘ ਹੰਸਪਾਲ ਵੀ ਬੜੀ ਸੁਨਿਮਰ ਅਤੇ ਸਾਧ ਸੰਗਤ ਦੀ ਸੇਵਾ ਕਰਨ ਵਾਲੀ ਸੁਆਣੀ ਹੈ। ਗੁਰਦੁਆਰਾ ਨਾਨਕਸਰ ਤੋਂ ਸ੍ਰੀ ਸਤਿਗੁਰੂ ਜੀ ਸੰਗਤਾਂ ਸਹਿਤ ਸੰਤ ਗੁਰਮੀਤ ਸਿੰਘ ਜੀ ਦੇ ਗ੍ਰਹਿ ਵਿਖੇ ਪਧਾਰੇ। ਪਰਿਵਾਰ ਨੇ ਚਰਨ ਪਰਸੇ। ਸ੍ਰੀ ਸਤਿਗੁਰੂ ਜੀ ਅਤੇ ਸਭ ਸੰਗਤਾਂ ਨੇ ਜਲ-ਪਾਣ ਕੀਤਾ ਅਤੇ ਨਾਮ ਸਿਮਰਨ ਵਾਸਤੇ ਰਵਾਨਾ ਹੋਏ। Lincoln Farmstead ਵਿਖੇ ਨਾਮ-ਸਿਮਰਨ ਅਤੇ ਸ਼ਾਮ ਦਾ ਕੀਰਤਨ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ 'ਚ ਹੋਇਆ। ਏਥੇ ਬੇਸ਼ੱਕ ਇਕੋ ਪਰਿਵਾਰ ਹੈ, ਪਰ ਨਿਊਯਾਰਕ, ਇੰਡੀਆਨਾ ਤੋਂ ਤੇ ਕੁਝ ਹੋਰ ਸ਼ਹਿਰਾਂ ਦੀਆਂ ਸੰਗਤਾਂ ਆਉਣ ਕਰਕੇ ਮੇਲੇ 'ਚ ਸੰਗਤਾਂ ਦੀ ਭਰਪੂਰ ਹਾਜ਼ਰੀ ਹੋ ਗਈ। ਇੰਦਰ ਦੇਵ ਨੇ ਵੀ ਸ਼ਿਕਾਗੋ ਪੁੱਜਣ ਤੇ ਸ੍ਰੀ ਸਤਿਗੁਰੂ ਜੀ ਦੇ ਸਵਾਗਤ ਲਈ ਹਾਜ਼ਰੀ ਭਰੀ, ਵਰਖਾ ਹੋਣ ਕਰਕੇ ਵਾਤਾਵਰਣ ਖੁਸ਼ਗਵਾਰ ਹੋ ਗਿਆ। ਨਾਮ ਸਿਮਰਨ ਉਪਰੰਤ ਛੋਟੀ ਬੱਚੀ ਅਮਰ ਕੌਰ ਸਪੁੱਤਰੀ ਅਨਮੋਲਕ ਸਿੰਘ ਨੇ ਸ੍ਰੀ ਹਜ਼ੂਰ ਦੇ ਸਨਮੁੱਖ 'ਮੋਹਨ ਘਰਿ ਆਵਹੁ, ਕਰਉ ਜੋਦਰੀਆ॥' ਸ਼ਬਦ ਗਾਇਨ ਕਰਕੇ ਹਾਜ਼ਰੀ ਲਵਾਈ। ਉਪਰੰਤ ਹਜ਼ੂਰੀ ਰਾਗੀ ਜਥੇ ਨੇ ਸੰਤ ਬਲਬੀਰ ਸਿੰਘ ਜੀ ਦੀ ਅਗੁਵਾਈ 'ਚ ਬੜਾ ਰਸ-ਭਿੰਨਾਂ ਕੀਰਤਨ ਕੀਤਾ। 'ਹਉ ਕੁਰਬਾਨੈ ਜਾਉ ਮਿਹਰਵਾਨਾ ਹੰਉ ਕੁਰਬਾਨੇ ਜਾਉ॥' ਅਤੇ 'ਕਵਨ ਗੁਨ ਪ੍ਰਾਨਪਤਿ ਮਿਲਉ ਮੇਰੀ ਮਾਈ॥' ਸ਼ਬਦ ਗਾਇਨ ਕੀਤੇ। ਸਰਮੁਖ ਸਿੰਘ ਨੇ ਕੀਰਤਨ ਦੀ ਅਰਦਾਸ ਕੀਤੀ।

ਕੀਰਤਨ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਸੰਗਤ ਨੂੰ ਸੰਬੋਧਨ ਹੁੰਦਿਆਂ ਬਚਨ ਕੀਤਾ: "ਏਥੇ ਇਕੋ ਪਰਿਵਾਰ ਹੈ ਪਰ ਤੁਸੀਂ ਨਿਊਯਾਰਕ, ਇੰਡੀਆਨਾ, ਟੋਰਾਂਟੋ, ਐਲ.ਏ. ਆਦਿ ਤੋਂ ਆ ਕੇ ਮੇਲੇ ਦੀ ਰੌਣਕ ਬਣਾ ਦਿੱਤੀ ਹੈ। ਪਾਤਸ਼ਾਹ ਜੀ ਨੇ ਸਭ ਨੂੰ ਖੁਸ਼ੀਆਂ ਬਖ਼ਸ਼ੀਆਂ।

**15 ਜੁਲਾਈ** ਅੰਮ੍ਰਿਤ ਵੇਲੇ 4 ਤੋਂ 6 ਵਜੇ ਤੱਕ ਆਸਾ ਦੀ ਵਾਰ ਦਾ ਕੀਰਤਨ ਵੀ ਏਸੇ ਜਗ੍ਹਾ ਹੀ ਹੋਇਆ। ਅੱਜ ਕੱਲ ਇੰਟਰਨੈੱਟ ਦੀ ਸਹੂਲਤ ਹੋਣ ਕਰਕੇ ਬਹੁਤ ਸਾਰੇ ਕੀਰਤਨ ਦੇ ਪ੍ਰੇਮੀ ਗੈਰ ਨਾਮਧਾਰੀ ਗੁਰ-ਸਿੱਖ ਨਾਮਧਾਰੀ ਕੀਰਤਨ ਸ਼ੈਲੀ ਦੇ ਦੀਵਾਨੇ ਹਨ। ਵਿਸ਼ੇਸ਼ ਕਰਕੇ ਹਜ਼ੂਰੀ ਰਾਗੀ ਸੰਤ ਬਲਵੰਤ ਸਿੰਘ ਜੀ ਦੇ ਕੀਰਤਨ ਦੇ ਫੈਨ ਹਰ ਜਗ੍ਹਾ ਪੁੱਜ ਹੀ ਜਾਂਦੇ ਸਨ। ਇਥੇ ਸ਼ਿਕਾਗੋ ਵਿਖੇ ਵੀ ਇਕ ਕੀਰਤਨ ਪ੍ਰੇਮੀ ਗੈਰ ਨਾਮਧਾਰੀ ਨੌਜ਼ੁਆਨ ਸਹਿਜ ਸਿੰਘ ਆਸਾ ਦੀ

ਵਾਰ ਦੇ ਅਰੰਭ ਹੋਣ ਤੋਂ ਪਹਿਲਾਂ ਹੀ ਪਹੁੰਚ ਚੁੱਕਾ ਸੀ, ਬੜੇ ਪ੍ਰੇਮ ਅਤੇ ਇਕਾਗਰਤਾ ਨਾਲ ਕੀਰਤਨ ਸੁਣ ਰਿਹਾ ਸੀ। ਸੰਗਤ ਵਿੱਚ ਕੁਝ ਪਿੱਛੇ ਬੈਠੇ ਇਸ ਨੌਜੁਆਨ ਨੂੰ ਸ੍ਰੀ ਸਤਿਗੁਰੂ ਜੀ ਨੇ ਇਸ਼ਾਰਾ ਕਰਕੇ ਸੱਦ ਕੇ ਅੱਗੇ ਬਿਠਾ ਲਿਆ। ਇਸੇ ਤਰ੍ਹਾਂ ਇੰਡੀਆਨਾ ਪੋਲਿਸ ਵਿਖੇ ਵੀ ਨਿਹੰਗੀ ਬਾਣੇ ਵਿੱਚ ਤਿੰਨ ਨੌਜੁਆਨ ਸੁਖਮਨਦੀਪ ਸਿੰਘ, ਗੁਰ ਪ੍ਰਤਾਪ ਸਿੰਘ ਅਤੇ ਹਰਜੋਤ ਸਿੰਘ ਰੋਜ਼ਾਨਾ ਕੀਰਤਨ 'ਚ ਹਾਜ਼ਰੀ ਭਰਦੇ ਰਹੇ। ਸੁਖਮਨਦੀਪ ਸਿੰਘ ਨੇ ਕਿਹਾ ਕਿ ਏਥੇ ਆ ਕੇ ਕੀਰਤਨ ਸ੍ਰਵਣ ਕਰਦਿਆਂ ਪੁਰਾਤਨ ਰੀਤਾਂ ਸੁਣਦਿਆਂ ਇਵੇਂ ਮਹਿਸੂਸ ਹੁੰਦਾ ਹੈ ਜਿਵੇਂ ਗੁਰੂ ਅਰਜਨ ਦੇਵ ਜੀ ਦੇ ਹਜ਼ੂਰ ਕੀਰਤਨ ਹੋ ਰਿਹਾ ਹੋਵੇ 'ਸਾਧ ਸੰਗਤਿ ਬੈਕੁਠੈ ਆਹਿ' ਦਾ ਅਹਿਸਾਸ ਹੁੰਦਾ ਹੈ।

ਆਸਾ ਦੀ ਵਾਰ ਉਪਰੰਤ ਸ੍ਰੀ ਸਤਿਗੁਰੂ ਜੀ ਡੇਰੇ ਆਏ, ਸੰਤ ਗੁਰਮੀਤ ਸਿੰਘ ਜੀ ਦੇ ਗ੍ਰਹਿ ਵਿਖੇ ਸ੍ਰੀ ਸਤਿਗੁਰੂ ਜੀ ਦੇ ਸਨਮੁਖ ਸੰਗਤਾਂ ਬੈਠੀਆਂ ਹੋਈਆਂ ਸਨ, ਆਪ ਜੀ ਸਿੱਖਾਂ-ਸੇਵਕਾਂ ਨਾਲ ਬਚਨ ਬਿਲਾਸ ਕਰਦੇ ਰਹੇ। ਸੰਤ ਗੁਰਮੀਤ ਸਿੰਘ ਜੀ ਨੇ ਬਚਨ ਸੁਣਾਇਆ ਕਿ 'ਜਦੋਂ ਮੈਂ ਈਸਟ ਅਫਰੀਕਾ ਕੰਮ ਕਰਦਾ ਸਾਂ, ਜਦੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਅਫਰੀਕਾ ਦੌਰਾ ਹੋਣਾ, ਮੈਨੂੰ ਪਾਤਸ਼ਾਹ ਜੀ ਦੀ ਗੱਡੀ ਚਲਾਉਣ ਦੀ ਸੇਵਾ ਦਾ ਸੁਭਾਗ ਮਿਲ ਜਾਣਾ। ਗਰੀਬ ਨਿਵਾਜ਼ ਜੀ ਦੇ ਦੌਰੇ ਦਾ ਪ੍ਰੋਗਰਾਮ ਸੁਣਿਆਂ ਤਾਂ ਮੈਂ ਆਪਣੇ ਗੋਰੇ ਬੌਸ ਨੂੰ ਇਕ ਹਫਤੇ ਛੁੱਟੀ ਵਾਸਤੇ ਕਿਹਾ: ਉਸਨੇ ਕਿਹਾ ਛੁੱਟੀ ਨਹੀਂ ਮਿਲ ਸਕਦੀ, ਕੰਮ ਦਾ ਜ਼ੋਰ ਹੈ, ਬੰਦੇ ਘੱਟ ਹਨ। ਮੈਂ ਕਿਹਾ ਮੈਨੂੰ ਬਹੁਤ ਜ਼ਰੂਰੀ ਛੁੱਟੀ ਚਾਹੀਦੀ ਹੈ, ਏਨੇ ਦਿਨਾਂ ਦੀ ਜੇ ਤੁਸੀਂ ਛੁੱਟੀ ਨਾ ਦਿਉਗੇ ਤਾਂ ਮੈਂ ਮਜ਼ਬੂਰੀ 'ਚ ਨੌਕਰੀ ਤਾਂ ਛੱਡ ਸਕਦਾ ਹਾਂ ਪਰ ਛੁੱਟੀ ਤੋਂ ਬਿਨਾਂ ਨਹੀਂ ਸਾਰ ਸਕਦਾ। ਉਸਨੇ ਪੁਛਿਆ "ਤੈਨੂੰ ਇਨ੍ਹਾਂ ਕੀ ਜ਼ਰੂਰੀ ਕੰਮ ਹੈ?"- ਮੈਂ ਕਿਹਾ "ਤੁਸੀਂ ਈਸਾਈ ਹੋਣ ਜੇ ਤੁਹਾਡੇ ਪੂਜਯ ਈਸਾ ਨੇ ਆਉਣਾ ਹੋਵੇ ਜਾਂ ਤੁਹਾਡੇ ਸਤਿਕਾਰਯੋਗ ਮੌਮ ਨੇ ਅਤੇ ਤੁਹਾਨੂੰ ਉਹਨਾਂ ਦੀ ਗੱਡੀ ਚਲਾਉਣ ਦੀ ਸੇਵਾ ਮਿਲ ਰਹੀ ਹੋਵੇ, ਫੇਰ ਤੁਸੀਂ ਨੌਕਰੀ ਵੇਖੋਗੇ ਕਿ ਉਹ ਸੇਵਾ-ਸੁਭਾਗ ਦਾ ਮੌਕਾ? ਸ਼ਾਡੇ ਸਪਿਰਚਿਊਲ ਮਾਸਟਰ, ਸਾਡੇ ਰੂਹਾਨੀ ਰਹਿਬਰ ਆ ਰਹੇ ਹਨ, ਮੈਨੂੰ ਉਨ੍ਹਾਂ ਦੀ ਗੱਡੀ ਚਲਾਉਣ ਦਾ ਮੌਕਾ ਮਿਲੇਗਾ, ਇਸ ਲਈ ਮੈਂ ਇਹ ਮੌਕਾ ਹੱਥੋਂ ਨਹੀਂ ਗਵਾ ਸਕਦਾ। ਇਹ ਸੁਣ ਕੇ ਗੋਰਾ ਬਹੁਤ ਖੁਸ਼ ਹੋਇਆ, ਦੋ ਹਫਤਿਆਂ ਦੀ ਛੁੱਟੀ ਦੇ ਦਿੱਤੀ ਅਤੇ ਇਸਤੋਂ ਵੀ ਅਗਲੀ ਗੱਲ ਕਿ ਛੁੱਟੀ ਪੂਰੀ ਹੋਣ ਤੇ ਤਨਖਾਹ ਵੀ ਨਹੀਂ ਕੋਈ, ਚੈੱਕ ਭੇਜ ਦਿੱਤਾ ਅਤੇ ਕਿਹਾ ਕਿ ਤੇਰੇ ਹੋਲੀ ਮਾਸਟਰ ਦੀ ਸੇਵਾ 'ਚ ਐਹ ਮੇਰਾ ਹਿੱਸਾ ਰਿਹਾ। ਸੰਤ ਗੁਰਮੀਤ ਸਿੰਘ ਵਿਰਦੀ ਜੀ ਦੇ ਪਰਿਵਾਰ ਸਪੁਤਰੀ ਬੀਬੀ ਰਛਪਾਲ ਕੌਰ, ਸਪੁੱਤਰ ਗੁਰਪ੍ਰੀਤ ਸਿੰਘ ਰਿੱਕੀ, ਨੂੰਹ ਕਿਰਨਦੀਪ ਕੌਰ ਅਤੇ ਪੋਤਰੇ ਸੰਤ ਸਿੰਘ, ਸੁਖਦੇਵ ਸਿੰਘ ਅਤੇ ਪੋਤਰੀ ਸੰਤ ਕੌਰ ਨੈਣਾਂ ਨਾਲ ਸ੍ਰੀ ਸਤਿਗੁਰੂ ਜੀ ਬਚਨ ਬਿਲਾਸ ਕੀਤੇ। ਖੁਸ਼ੀਆਂ ਬਖਸ਼ੀਆਂ।

ਸ਼ਿਕਾਗੋ ਸੰਤ ਗੁਰਮੀਤ ਸਿੰਘ ਜੀ ਦੇ ਘਰ ਵਾਲੀ ਕਲੋਨੀ 'ਚ ਹੀ ਸ੍ਰੀ ਸਤਿਗੁਰੂ ਜੀ ਸੰਗਤਾਂ ਸਹਿਤ ਵਾਕਿੰਗ ਰਾਊਂਡ ਲਾਇਆ। ਆ ਕੇ ਸਭ ਨੇ ਲੰਗਰ ਛਕਿਆ ਅਤੇ ਬਾਅਦ ਦੁਪਹਿਰ ਸ੍ਰੀ ਸਤਿਗੁਰੂ ਜੀ ਲਾਸ ਐਂਜਲਸ ਜਾਣ ਵਾਸਤੇ ਸੰਗਤਾਂ ਸਹਿਤ ਸ਼ਿਕਾਗੋ ਏਅਰਪੋਰਟ ਤੇ ਆਏ, ਬਾਬਾ ਦਲਜੀਤ ਸਿੰਘ ਜੀ ਪਹਿਲੋਂ ਹੀ ਏਅਰਪੋਰਟ ਤੇ ਪੁੱਜੇ ਹੋਏ ਸਨ, ਆਪ ਨੇ ਚਰਨ ਪਰਸੇ ਅਤੇ ਸਕਿਓਰਿਟੀ ਚੈਂਕਿੰਗ ਤੱਕ ਨਾਲ ਰਹੇ। ਬੜੀ ਨਿਮਰਤਾ ਅਤੇ ਅਦਬ ਸਹਿਤ ਆਪ ਨੇ ਸ੍ਰੀ ਸਤਿਗੁਰੂ ਜੀ ਨੂੰ ਵਿਦਿਆ ਕੀਤਾ।

### ਸ੍ਰੀ ਸਤਿਗੁਰੂ ਜੀ ਲਾਸ ਐਂਜਲਸ ਵਿਖੇ 15 ਤੋਂ 18 ਜੁਲਾਈ

ਕਰੀਬ ਸਵਾ ਦੋ ਘੰਟੇ ਦਾ ਹਵਾਈ ਸਫ਼ਰ ਕਰਕੇ ਸ੍ਰੀ ਸਤਿਗੁਰੂ ਜੀ ਸਿਖਾਂ-ਸੇਵਕਾਂ ਸਹਿਤ ਐਲ.ਏ.ਏਅਰ ਪੋਰਟ ਪੁੱਜੇ। ਸਵਾਗਤ ਲਈ ਸੰਗਤਾਂ ਦੀ ਭਰਪੂਰ ਹਾਜ਼ਰੀ ਸੀ। ਐਲ.ਏ ਦੀ ਸੰਗਤ ਤੋਂ ਬਿਨਾਂ, ਭਾਰਤ ਤੋਂ, ਵੈਨਕੂਵਰ ਤੋਂ, ਆਸਟ੍ਰੇਲੀਆ ਤੋਂ ਅਤੇ ਸੈਨਹੋਜ਼ੇ ਆਦਿ ਤੋਂ ਵੀ ਕਈ ਗੁਰ-ਦਰਸ਼ਨ ਪ੍ਰੇਮੀ ਸਿੱਖ ਏਥੇ ਪਹਿਲਾਂ ਹੀ ਪੁੱਜੇ ਹੋਏ ਸਨ, ਜਿਵੇਂ ਫੁੱਲਾਂ ਦੀ ਮਹਿਕ ਤੇ ਭੰਵਰੇ ਆ ਹੀ ਜਾਂਦੇ ਹਨ ਏਸੇ ਤਰ੍ਹਾਂ 'ਤਿਉ ਸਿਖੁ ਗੁਰ ਮਿਲਿ ਬਿਗਸਾਈ।' ਏਅਰ ਪੋਰਟ ਤੋਂ ਸ੍ਰੀ ਸਤਿਗੁਰੂ ਜੀ ਸ. ਸ਼ੁਬੇਗ ਸਿੰਘ ਜੀ ਦੇ ਗ੍ਰਹਿ ਵਿਖੇ ਪਧਾਰੇ, ਸੰਗਤਾਂ ਗੁਰ-ਅਭਿਨੰਦਨ ਕੀਤਾ। ਗਰੀਬ ਨਿਵਾਜ਼ ਜੀ ਸੋਫ਼ੇ ਤੇ ਬਿਰਾਜਮਾਨ ਹੋ ਗਏ ਸਭ ਨੇ ਚਰਨ ਪਰਸੇ ਕਈਆਂ ਫੁੱਲਾਂ ਦੇ ਬੁੱਕੇ ਭੇਟ ਕੀਤੇ। ਆਪ ਜੀ ਸਭ ਨੂੰ ਸੁਖ-ਸਾਂਦ ਪੁੱਛਦੇ, ਹਾਸ ਬਿਲਾਸ ਕਰਦੇ, ਖੁਸ਼ੀਆਂ ਬਖਸ਼ਦੇ ਰਹੇ। ਏਸੇ ਘਰ ਹੀ ਆਪ ਜੀ ਦਾ ਡੇਰਾ ਹੈ।

**16 ਜੁਲਾਈ ਸਾਵਣ ਦੀ ਸੰਗਰਾਂਦ:** ਸ੍ਰੀ ਸਤਿਗੁਰੂ ਜੀ ਦੇ ਸਨਮੁਖ ਹਜ਼ੂਰੀ ਰਾਗੀ ਜਥੇ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ, ਅੱਜ ਸਾਵਣ ਦੀ ਸੰਗਰਾਂਦ ਹੈ, ਸੰਤ

ਬਲਵੰਤ ਸਿੰਘ ਜੀ ਨੇ ਆਦਿ ਅਤੇ ਦਸਮ ਗੁਰਬਾਣੀ ’ਚੋਂ ਸਾਵਣ ਮਹੀਨੇ ਦੇ ਸ਼ਬਦ ਗਾਇਨ ਕੀਤੇ, ਆਪ ਦੇ ਨਾਲ ਕੀਰਤਨ ਕਰਨ ਵਾਲੇ ਕਿਰਪਾਲ ਸਿੰਘ ਪਾਲੀ) ਤਾਰ-ਸ਼ਹਿਨਾਈ ਵਾਦਕ) ਬਸੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ ਅਤੇ ਗੁਰਦਿੱਤ ਸਿੰਘ ਦੇ ਸੰਗ-ਕੀਰਤਨ ਦਾ ਬੜਾ ਆਨੰਦ ਬਣਿਆ। ਆਸਾ ਦੀ ਵਾਰ ਦੇ ਭੋਗ ਉਪਰੰਤ ਬਲਵੰਤ ਸਿੰਘ ਸਪੁੱਤਰ ਬਲਦੇਵ ਸਿੰਘ ਨੇ ਮੰਚ ਸੰਭਾਲਦਿਆਂ ਸ੍ਰੀ ਸਤਿਗੁਰੂ ਜੀ ਅਤੇ ਨਾਲ ਆਏ ਸਿੱਖਾਂ-ਸੇਵਕਾਂ ਨੂੰ 'ਜੀਓ ਆਇਆਂ' ਕਿਹਾ। ਉਪਰੰਤ ਕੁਝ ਬੱਚੇ ਵੱਡੇ ਬੁਲਾਰੇ ਪੇਸ਼ ਕੀਤੇ। ਬੀਬੀ ਬਲਬੀਰ ਕੌਰ ਨੇ ਬੜਾ ਰਸ ਭਿੰਨਾ, ਤਰੰਗਮ 'ਚ ਗੀਤ ਗਾਇਆ- 'ਮੁੱਕ ਗਈਆਂ ਨੀਂ ਜਿੰਦੇ ਘੜੀਆਂ ਉਡੀਕਦੀਆਂ, ਸੰਗਤੇ ਵਧਾਈਆਂ ਅੱਜ ਦੀ ਤਰੀਕ ਦੀਆਂ।' ਅਤੇ ਇਕ ਗੀਤ ਸਤਿਗੁਰੂ ਰਾਮ ਸਿੰਘ ਜੀ ਦੀ ਯਾਦ ਵਿੱਚ ਗਾਇਆ। ਕਾਕਾ ਨਿਹਾਲ ਸਿੰਘ ਨੇ ਗਾਇਆ- 'ਹਰ ਪਲ ਸਾਡੇ ਅੰਦਰ ਵੱਸੋ। ਧੰਨ ਗੁਰੁ ਜਗਜੀਤ ਜੀ।' ਕਾਕਾ ਅਰਸ਼ਦੀਪ ਸਿੰਘ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਯਾਦ 'ਚ ਗਾਇਆ- 'ਭੈਣੀ ਵਾਲਿਆ ਭਾਣੇ ਦਿਆ ਮਾਲਕਾ ਵੇ, ਛੇਤੀ ਆ ਕੇ ਦੇਹ ਦੀਦਾਰ ਪ੍ਰੀਤਮ।' ਰਤਨ ਸਿੰਘ ਦੇ ਗੀਤ ਦਾ ਮੁਖੜਾ ਸੀ- ਗੁਰੂ ਜਗਜੀਤ ਸਾਰੇ ਜਗ ਤੋਂ ਨਿਆਰਾ ਏ। ਕਾਕਾ ਸਰਵਣ ਸਿੰਘ ਨੇ 'ਗਿਆਨ ਅੰਜਨ ਗੁਰ ਦੀਆ ਅਤੇ ਜਾਹੀ ਕੁਲ ਤੇ ਪ੍ਰਗਟ ਹੋਏ, ਬੰਦਨਾ ਕਰਕੇ ਭਾਈ ਲਾਲੋ ਜੀ ਦੀ ਸਾਖੀ ਸੁਣਾਈ। ਕਾਕਾ ਗੁਰਮੁਖ ਸਿੰਘ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਫ਼ੌਜ ਦੀ ਨੌਕਰੀ ਸਮੇਂ ਦੇ ਬਚਨ ਸੁਣਾਏ ਕਿ ਕਿਵੇਂ ਚੀਨੀ ਵਾਲੇ ਦੇ ਕੌਤਕ ਵੇਖ ਕੇ ਸੂਬੇਦਾਰ ਕਾਹਨ ਸਿੰਘ ਆਪ ਜੀ ਦਾ ਸੇਵਕ ਬਣਿਆ। ਉਪਰੰਤ ਸੁੰਦਰ ਨਗਰ ਤੋਂ ਨੌਜੁਆਨ ਅਨੰਤ ਕੌਰ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਬਚਨ ਸੁਣਾਏ ਕਿ ਸਿੱਖ ਪੜ੍ਹਦੇ ਸਨ- ਸਤਿਗੁਰ ਤਾਰਨ ਗੇ ਅਤੀਤ। ਤਾਂ ਸਤਿਗੁਰੂ ਜੀ ਨੇ ਬਚਨ ਕੀਤਾ- ਨਾ ਭਾਈ, ਤਾਰੂ ਗੀ ਪ੍ਰਤੀਤ। ਅਤੇ ਅੰਗ੍ਰੇਜ਼ੀ 'ਚ Faith and belief: the difference ਤੇ ਵਧੀਆ ਵਿਆਖਿਆ ਕੀਤੀ। ਸ੍ਰੀ ਸਤਿਗੁਰੂ ਜੀ ਖੁਸ਼ੀਆਂ ਬਖਸ਼ੀਆਂ- ਉਪਰੰਤ ਏਥੇ ਹਾਲ 'ਚ ਹੀ ਪੰਗਤਾ ਲੱਗ ਗਈਆਂ। ਸ੍ਰੀ ਸਤਿਗੁਰੂ ਜੀ ਅਤੇ ਮਾਤਾ ਜੀ ਨੇ ਲੱਡੂ ਵਰਤਾਏ। ਐਲ.ਏ. ਦੇ ਰੋਜਾਨਾਂ ਦੇ ਪ੍ਰੋਗਰਾਮ ਕਨਵੈਸ਼ਨ ਸੈਂਟਰ ਆਫ ਓਟਾਂਰੀਓ ਵਿਖੇ ਹੁੰਦੇ ਰਹੇ। ਡੇਰੇ ਆ ਕੇ ਲੰਗਰ ਛਕਿਆ ਅਤੇ ਬਾਅਦ 'ਚ ਕੁਝ ਘਰਾਂ 'ਚ ਚਰਨ ਪਾਉਣ ਦੀ ਕਿਰਪਾ ਕੀਤੀ।

ਸ਼ਾਮੀ 4 ਤੋਂ 5 ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਨਾਮ ਸਿਮਰਨ ਹੋਇਆ- ਸੰਤ ਨਿਸ਼ਾਨ ਸਿੰਘ ਜੀ ਨੇ ਅੱਜ ਦੇ ਸੰਗਰਾਂਦ ਪੁਰਬ ਬਾਰੇ- 'ਸਾਵਣ ਸਰਸੀ ਕਾਮਣੀ ਜਿਨਿ ਸਹਿ ਨਾਲ ਪਿਆਰ' ਸ਼ਬਦ ਦੀ ਵਿਆਖਿਆ ਕੀਤੀ। ਆਪ ਨੇ ਦੱਸਿਆ ਕਿ ਅੱਜ ਦੇ ਦਿਨ 16 ਜੁਲਾਈ ਨੂੰ ਹੀ ਭਾਈ ਤਾਰੂ ਸਿੰਘ ਜੀ ਸ਼ਹੀਦ ਹੋਏ। ਭਾਈ ਸਾਹਿਬ ਦਾ ਸ਼ਹੀਦੀ ਪ੍ਰਸੰਗ ਆਪ ਨੇ ਵਿਸਥਾਰ ਸਹਿਤ ਸੁਣਾਇਆ। ਕਲਾ ਅਤੇ ਨਾਮ ਸਿਮਰਨ ਉਪਰੰਤ ਹਜ਼ੂਰੀ ਰਾਗੀ ਸਿੰਘਾਂ ਕੀਰਤਨ ਕੀਤਾ- ਅੱਜ ਰਾਗੀ ਜਥੇ 'ਚੋਂ ਕਿਰਪਾਲ ਸਿੰਘ ਜੀ ਪਾਲੀ ਵਾਪਸ ਇੰਗਲੈਂਡ ਚਲੇ ਗਏ ਹਨ। ਸ਼ਬਦ ਗਾਇਨ ਕੀਤੇ। ਕੀਰਤਨ ਉਪਰੰਤ ਕੁਝ ਸਥਾਨਕ ਬੱਚੇ-ਬੱਚੀਆਂ ਨੇ ਸ਼ਬਦ, ਗੀਤ ਜਾਂ ਸਾਖੀਆਂ ਆਦਿ ਸੁਣਾਈਆਂ। ਕਾਕਾ ਸੁਰਿੰਦਰ ਸਿੰਘ, ਸਤਵਿੰਦਰ ਕੌਰ ਨੇ ਗੁਰੂ ਨਾਨਕ ਦੇਵ ਜੀ ਦੀ ਸਾਖੀ ਪੇਸ਼ ਕੀਤੀ: 'ਉਹਨੇ ਬਾਂਗ ਪ੍ਰੇਮ ਵਾਲੀ ਦਿੱਤੀ, ਨਗਰੀ ਸੁੰਨ ਮੁੰਨ ਹੋ ਗਈ ਆ॥'

ਬੱਚਿਆਂ ਦੇ ਗਰੁੱਪ ਨੇ ਸ਼ਬਦ ਗਾਇਨ ਕੀਤਾ- 'ਅੰਮ੍ਰਿਤ ਨਾਮੁ ਨਿਧਾਨੁ ਹੈ ਮਿਲਿ ਪੀਵਹੁ ਭਾਈ' ਸ਼ਬਦ ਗਾਇਨ ਕਰਨ ਵਾਲੇ ਬੱਚੇ ਸਨ: ਗਿਆਨ ਸਿੰਘ, ਰਤਨ ਸਿੰਘ, ਨਵਦੀਪ ਸਿੰਘ, ਨਿਸ਼ਾਨ ਸਿੰਘ, ਅਜੀਤ ਸਿੰਘ, ਸਰਵਣ ਸਿੰਘ, ਗੁਰਮੁਖ ਸਿੰਘ, ਮਨਜੋਤ ਕੌਰ, ਹਰਮੀਤ ਕੌਰ, ਸਤਵਿੰਦਰ ਕੌਰ, ਨਰਿੰਦਰ ਕੌਰ ਅਤੇ ਸੁਰਿੰਦਰ ਸਿੰਘ। ਉਪਰੰਤ ਸ੍ਰੀ ਸਤਿਗੁਰੂ ਜੀ ਦੀ ਆਗਿਆ ਹੋਈ ਕਿ ਕੋਈ ਵੀ ਬੱਚੇ ਕਿਸੇ ਤਰ੍ਹਾਂ ਦਾ ਵੀ ਸਵਾਲ ਪੁੱਛ ਸੱਕਦੇ ਹਨ। ਬੱਚਿਆਂ ਬੱਚੀਆਂ ਨੇ ਕਈ ਤਰ੍ਹਾਂ ਦੇ ਸਵਾਲ ਕੀਤੇ ਜਿਵੇਂ ਜਦੋਂ ਸਿੱਖੀ ਸ਼ੁਰੂ ਹੋਈ ਸੀ ਤਾਂ ਉਦੋਂ ਸਿੱਖੀ ਦੇ ਕੀ ਅਸੂਲ ਸਨ? ਅਸੀਂ ਵੱਖਰੀ ਕਿਸਮ ਦਾ ਬਾਣਾ ਕਿਉਂ ਪਾਉਂਦੇ ਹਾਂ? ਸਿਮਰਨ ਕਰਨਾ ਅੰਮ੍ਰਿਤ ਵੇਲੇ ਹੀ ਕਿਉਂ ਜ਼ਰੂਰੀ ਹੈ? ਦਾਨ ਗੁਰਦੁਆਰੇ ਦੇਣਾ ਚਾਹੀਦਾ ਹੈ ਜਾਂ ਕਿਸੇ ਲੋੜਵੰਦ ਨੂੰ? ਕੇਸੀ ਇਸ਼ਨਾਨ ਹੀ ਕਿਉਂ ਜਰੂਰੀ ਹੈ? ਆਦਿ ਇਸ ਤਰ੍ਹਾਂ ਦੇ ਕਈ ਸੁਆਲ ਕੀਤੇ ਗਏ। ਸ੍ਰੀ ਸਤਿਗੁਰੂ ਜੀ ਅਤੇ ਸੰਤ ਨਿਸ਼ਾਨ ਸਿੰਘ ਜੀ ਜੁਆਬ ਦੇ ਕੇ ਬੱਚਿਆਂ ਦੀ ਤਸੱਲੀ ਕਰਵਾਉਂਦੇ ਹਨ ਅਤੇ ਸ੍ਰੀ ਸਤਿਗੁਰੂ ਜੀ ਨੇ ਸਾਰੇ ਸੁਆਲਾਂ ਦੇ ਜੁਆਬ ਸਮਝਾਉਂਦਿਆਂ ਸੰਖੇਪ ਵਿੱਚ ਉਪਦੇਸ਼ ਦਿੱਤਾ।

**ਸਤਿਗੁਰੂ ਪ੍ਰਵਚਨ:** ਸਾਧ ਸੰਗਤ ਜੀ ਬਹੁਤ ਵਧੀਆ ਗਲ ਹੈ, ਤੁਸੀਂ ਇਕੱਠੇ ਹੁੰਦੇ ਹੋ, ਬੱਚੇ ਸੁਆਲ ਪੁਛਦੇ ਨੇ, ਥੋੜਾ ਜਿਹਾ ਸਿੰਮਲ ਕਰਨ ਵਾਸਤੇ ਦੁਨੀਆਂ ਦਾਰੀ ਦੇ

ਹਿਸਾਬ ਨਾਲ ਗਲ ਕਰਦਾ ਹਾਂ ਕਿ ਤੁਸੀਂ ਕਿਸੇ ਦੀ ਮਦਦ ਕਰਦੇ ਹੋ, ਤੁਸੀਂ ਕਿਸੇ ਨੂੰ ਦਾਨ ਕਰਦੇ ਹੋ ਤਾਂ ਸਭ ਤੋਂ ਵੱਡੀ ਗਲ ਹੈ ਕਿ ਤੁਹਾਡੇ ਆਪਣੇ ਮਨ ਨੂੰ ਸੈਟਿਸਫੈਕਸ਼ਨ (ਤਸੱਲੀ) ਹੁੰਦੀ ਹੈ। ਜੋ ਤੁਸੀਂ ਕਿਸੇ ਵਾਸਤੇ ਕਰਦੇ ਹੋ ਉਹ ਆਪਣੇ ਵਾਸਤੇ ਹੀ ਕਰਦੇ ਹੋ, ਤੁਸੀਂ ਘਰ ਆਇਆਂ ਦੀ ਸੇਵਾ ਕਰਦੇ ਹੋ, ਕਿਸੇ ਲੋੜਵੰਦ ਦੀ ਜਿਸਨੂੰ ਕੋਈ ਨਹੀਂ ਪੁਛਦਾ ਉਸਦੀ ਮਦਦ ਕਰਦੇ ਹੋ, ਮੇਰੇ ਪਾਤਸ਼ਾਹ ਸਤਿਗੁਰੂ ਪ੍ਰਤਾਪ ਸਿੰਘ ਜੀ ਬਚਨ ਕਰਦੇ ਸਨ ਕਿ ਦਾਨ ਇਹ ਸਮਝਕੇ ਨਾ ਦਿਉ ਕਿ ਇਹ ਮੇਰੇ ਤਾਏ ਦਾ ਮੁੰਡਾ ਹੈ, ਇਹ ਚਾਚੇ ਦਾ ਮੁੰਡਾ ਹੈ, ਇਹ ਮੇਰਾ ਭਤੀਜਾ ਹੈ। ਜਿਸਨੂੰ ਸਭ ਤੋਂ ਵੱਧ ਲੋੜ, ਜਦੋਂ ਤੁਸੀਂ ਉਹਦੀ ਮਦਦ ਕਰਦੇ ਹੋ, ਉਹ ਸੁਖੀ ਹੋ ਜਾਂਦਾ ਹੈ ਉਹ ਤੁਹਾਨੂੰ ਕਿੰਨੀਆਂ ਅਸੀਸਾਂ ਦੇਂਦਾ ਹੈ। ਇਕ ਸਾਖੀ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਆਪਣੇ ਉਪਦੇਸ਼ ਵਿੱਚ ਸੁਣਾਉਂਦੇ ਨੇ ਕਿ ਇਕ ਰਾਜਾ ਸੀ ਉਸਨੂੰ ਕੋਹੜ ਹੋ ਗਿਆ, ਬੜੇ ਇਲਾਜ ਕਰਾਏ, ਯੱਗ ਕੀਤੇ, ਬ੍ਰਹਾਮਣਾਂ ਨੂੰ ਦਾਨ ਦਿੱਤੇ ਪਰ ਠੀਕ ਨਾ ਹੋਇਆ। ਬਾਜ਼ਾਰ 'ਚ ਜਾਂਦਿਆ ਰਾਜੇ ਦੇ ਨਾਲ ਵਜੀਰ ਸੀ ਉਨ੍ਹਾਂ ਵੇਖਿਆ ਕਿ ਇਕ ਗਰੀਬ ਮਾਂ ਨੂੰ ਕੋਈ ਪੈਸਾ ਮਿਲਿਆ ਉਸਨੇ ਆਪਣੇ ਬੱਚੇ ਨੂੰ ਜਲੇਬੀ ਲੈ ਕੇ ਦਿੱਤੀ, ਬੱਚਾ ਖਾਣ ਲੱਗਾ ਤਾਂ ਇੱਲ ਨੇ ਛਪਟ ਮਾਰੀ ਤੇ ਉਹ ਜਲੇਬੀ ਖੋਹ ਕੇ ਲੈ ਗਈ। ਮਾਂ ਬੱਚਾ ਜਿਨ੍ਹਾਂ ਨੂੰ ਹੋਰ ਕਿਤੋਂ ਮਿਲਨ ਦੀ ਆਸ ਹੀ ਨਹੀਂ ਸੀ। ਰਾਜੇ ਦੇ ਕਹਿਣ ਤੇ ਵਜੀਰ ਨੇ ਕਿਲੋ ਜਲੇਬੀਆਂ ਖਰੀਦ ਕੇ ਮਾਂ-ਪੁੱਤ ਨੂੰ ਦਿੱਤੀਆਂ ਤਾਂ ਉਹ ਬਾਗੋ ਬਾਗ ਹੋ ਗਏ। ਰਾਜੇ ਦਾ ਕੋਹੜ ਠੀਕ ਹੋ ਗਿਆ। ਇਹ ਕਿੰਨੀ ਵੱਡੀ ਗੱਲ ਹੈ।

ਫੇਰ ਸੱਚੇ ਪਾਤਸ਼ਾਹ ਹੁਕਮ ਕਰਦੇ ਨੇ ਕਿ ਮੇਰੇ ਧੰਨ ਭਾਗ ਨੇ ਜੋ ਮੈਂ ਕਿਸੇ ਦੀ ਸੇਵਾ ਕਰ ਸੱਕਿਆ ਹਾਂ। ਜਿਹੜਾ ਸੰਤ ਬਚਨ ਕਰਦੇ ਨੇ ਉਹ ਤੁਹਾਡੇ ਸਾਰਿਆਂ ਦੇ ਸਮਝਣ ਵਾਲਾ ਹੈ, ਤੁਸੀਂ ਦੇਣ ਵਾਲੇ ਕੌਣ ਹੋ, ਆਪਾਂ ਰੋਜ ਪਾਠ ਕਰਦੇ ਹਾਂ- ਦਦਾ ਦਾਤਾ ਏਕੁ ਹੈ, ਸਭ ਕਉ ਦੇਵਨਹਾਰ॥' ਜੋ ਸਾਰਿਆਂ ਨੂੰ ਦੇਂਦਾ ਹੈ, ਉਹੀ ਸਾਨੂੰ ਦੇਂਦਾ ਹੈ, ਏਸ ਕਰਕੇ ਅਸੀਂ ਕਿਸੇ ਤੇ ਅਹਿਸਾਨ ਨਹੀਂ ਕਰਦੇ, ਅਸੀਂ ਉਸ ਦਾ ਦਿੱਤੇ ਹੋਏ 'ਚੋਂ ਉਸੇ ਨੂੰ ਵਾਪਸ ਦੇ ਰਹੇ ਹਾਂ। ਸਾਡੇ ਤਾਂ ਧੰਨ ਭਾਗ ਨੇ, ਅਰਦਾਸ ਇਹ ਕੀਤੀ ਜਾਵੇ ਕਿ ਸੱਚੇ ਪਾਤਸ਼ਾਹ ਤੂੰ ਮੈਨੂੰ ਇਹ ਸੇਵਾ ਕਰਨ ਦਾ ਮੌਕਾ ਦਿੱਤਾ ਹੈ ਇਹ ਤੇਰੀ ਵਡਿਆਈ ਹੈ, ਜੋ ਤੁਸੀਂ ਯੰਗਸਟਰ ਹੋ, ਤੁਸੀਂ ਸਕੂਲ ਜਾ ਰਹੇ ਹੋ, ਕਾਲਜ ਜਾਂ ਯੂਨੀਵਰਸਿਟੀ ਜਾ ਰਹੇ ਹੋ, ਉਥੇ ਤੁਸੀਂ ਇਹ ਪ੍ਰਿੰਸੀਪਲ (ਅਸੂਲ) ਲੈ ਕੇ ਜਾ ਰਹੇ ਹੋ, ਇਹ ਪਰਿੰਸੀਪਲ ਕਿੰਨਾਂ ਵੱਡਾ ਹੈ ਕਿ ਮੈਂ ਦੇਣ ਵਾਲਾ ਨਹੀਂ ਨਾ ਮੈਂ ਵੱਡਾ ਹਾਂ, ਨਾ ਮੈਂ ਛੋਟਾ ਹਾਂ, ਜੋ ਮੈਨੂੰ ਮਾਲਕ ਨੇ ਦਿੱਤਾ ਹੈ ਉਸੇ ਦੇ ਦਿੱਤੇ ਵਿਚੋਂ ਹੀ ਮੈਂ ਕਿਸੇ ਦੀ ਸੇਵਾ ਕਰ ਸੱਕਾਂ ਤਾਂ ਮੇਰੇ ਵੱਡੇ ਭਾਗ ਨੇ। ਮੈਨੂੰ ਉਹ ਸੇਵਾ ਕਰਨ ਦਾ ਮੌਕਾ ਦੇ। ਪਹਿਲੀ ਗੱਲ ਹੈ ਕਿ ਉਹ ਦੇਂਦਾ ਮਾਲਕ ਹੈ, ਉਹ ਦੇਂਦਾ ਹੈ ਕਿ ਤੁਸੀਂ ਸੇਵਾ ਕਰ ਸੱਕੋ। ਜੇ ਕਿਸੇ ਦੀ ਸੇਵਾ ਕਰਨ ਦੀ ਭਾਵਨਾ ਤੁਹਾਡੇ ਮਨ ਵਿੱਚ ਆਉਂਦੀ ਹੈ ਤਾਂ ਇਹ ਵੀ ਕਿਰਪਾ ਤੋਂ ਬਿਨਾਂ ਨਹੀਂ ਆਉਂਦੀ। ਬੜੀ ਦੁਨੀਆਂ ਇਸ ਮਾਇਆ ਨੂੰ ਜੋੜਦੀ ਜੋੜਦੀ ਮਰ ਜਾਂਦੀ ਹੈ। ਸੱਚੇ ਪਾਤਸ਼ਾਹ ਬਚਨ ਕਰਦੇ ਨੇ, ਨਾ ਇਹ ਮਾਇਆ ਕਿਸੇ ਦੇ ਨਾਲ ਆਈ ਹੈ, ਨਾ ਕਿਸੇ ਨਾਲ ਜਾਣੀ ਹੈ, ਇਹ ਕਿੰਨੀ ਵੱਡੀ ਸੱਚਾਈ ਹੈ। ਜਿਹੜਾ ਇਸਤੇ ਵਿਸ਼ਵਾਸ ਕਰ ਲੈਂਦਾ ਹੈ ਉਹ ਇਕ ਸਟੈੱਪ ਅੱਗੇ ਹੋ ਜਾਂਦਾ ਹੈ। ਕੀ ਅਸੀਂ ਇਹ ਮੰਨਦੇ ਹਾਂ ਕਿ ਅਸੀਂ ਨਾਲ ਨਹੀਂ ਲੈ ਕੇ ਜਾਣਾ। ਸਾਡੇ ਮਨ ਤਾਂ ਇਹ ਹੀ ਹੁੰਦਾ ਹੈ ਕਿ ਅਸੀਂ ਨਾਲ ਵੀ ਲੈਕੇ ਜਾਣੀ ਹੈ ਸਾਨੂੰ ਵਿਰਾਸਤ 'ਚ ਮਿਲੀ ਹੈ ਅਸੀਂ ਨਾਲ ਲੈ ਕੇ ਆਏ ਹਾਂ, ਇਹ ਸਿੱਖੀ ਹੈ। ਆਪਾਂ ਪੜ੍ਹਦੇ ਹਾਂ ਕਿ ਚੰਗੇ ਹਿਉਮਨ ਬੀਇੰਗ (ਮਨੁੱਖ) ਹੋਣਾ ਚਾਹੀਦਾ ਹੈ। ਇਹ ਦ੍ਰਿੜ ਕਰਨ ਦੀ ਲੋੜ ਹੈ।

ਬੱਚਿਆਂ ਨੇ ਵਰਦੀ ਦੀ ਗਲ ਕੀਤੀ ਸੀ, ਵਰਦੀ ਬਾਹਰ ਦੀ ਗਲ ਹੈ, ਵਰਦੀ ਵੀ ਜ਼ਰੂਰੀ ਹੈ, ਕਿਉਂਕਿ ਵਰਦੀ ਨਾਲ ਅਸੀਂ ਐਸੋਸੀਏਟ ਹੁੰਦੇ ਹਾਂ। ਜਦੋਂ ਸਾਡੇ ਕੋਲ ਪੰਜ ਕਕਾਰ ਨੇ ਵੇਖ ਕੇ ਕੋਈ ਕਹਿੰਦਾ ਹੈ, ਇਹ ਦਸਵੇਂ ਪਾਤਸ਼ਾਹ ਦਾ ਸਿੱਖ ਹੈ, ਸਤਿਗੁਰੂ ਰਾਮ ਸਿੰਘ ਜੀ ਸੱਚੇ ਪਾਤਸ਼ਾਹ ਦਾ ਸਿੱਖ ਹੈ, ਉਹ ਸਾਡੀ ਇੱਕ ਪਹਿਚਾਣ ਹੈ, ਇਕ ਆਈਡੈਂਟਟੀ ਹੈ। ਪਰ ਇਹ ਸਾਡੇ ਕਰਮ ਨੇ। ਇਹ ਕਰਮ ਕਰਦੇ ਹਾਂ ਤਾਂ ਜਾਣੇ ਜਾਂਦੇ ਹਾਂ ਕਿ ਬਈ ਇਹ ਸਤਿਗੁਰੂ ਰਾਮ ਸਿੰਘ ਦੇ ਸਿੱਖ ਨੇ: ਇਹ ਕਦੇ ਝੂਠ ਨਹੀਂ ਬੋਲਦਾ, ਇਹ ਦਾਨ ਦੇਂਦਾ ਹੈ, ਇਹ ਕਦੇ ਕੋਈ ਮਾੜਾ ਕੰਮ ਨਹੀਂ ਕਰਦਾ ਤਾਂ ਸਾਡਾ ਰੁਤਬਾ ਕਿੱਡਾ ਵੱਡਾ ਹੋ ਜਾਂਦਾ ਹੈ। ਸਾਨੂੰ ਕਿੰਨਾਂ ਵੱਡਾ ਪੁੰਨ ਲਗਦਾ ਹੈ। ਬਹੁਤ ਚੰਗੀ ਗਲ ਹੈ ਕਿ ਘੱਟੋ-ਘੱਟ ਬੱਚੇ ਸੁਆਲ ਤੇ ਪੁਛਦੇ ਨੇ, ਏਥੇ ਆਉਂਦੇ ਨੇ, ਅਸੀਂ ਏਸ ਪਾਸੇ ਨੂੰ ਤੁਰਦੇ ਹਾਂ। ਸੱਚੇ ਪਾਤਸ਼ਾਹ ਕਿਰਪਾ ਕਰਨ ਅਸੀਂ ਹੋਰ ਜਿਆਦਾ ਓਸ ਪਾਸੇ ਨੂੰ ਤੁਰ ਸੱਕੀਏ। ਬੱਚਿਆਂ ਨਾਮ ਸਿਮਰਨ ਦੀ ਗੱਲ ਕੀਤੀ ਸੀ। ਇਹ ਠੀਕ ਹੈ ਕਿ ਨਾਮ-ਸਿਮਰਨ ਅੰਮ੍ਰਿਤ ਵੇਲੇ ਕਰਨਾ ਚੰਗਾ ਹੈ, ਪਰ ਨਾਮ ਸਿਮਰਨ

ਕਿਸੇ ਵੇਲੇ ਵੀ ਕਰ ਸੱਕਦੇ ਹਾਂ। ਜੇ ਹਮੇਸ਼ਾਂ ਸਾਡਾ ਮਨ ਜੁੜਦਾ ਨਹੀਂ ਤਾਂ ਨਾਮ ਸਿਮਰਨ ਕਰਦਿਆਂ ਸਾਡੇ ਮਨ ਵਿੱਚ ਕਿਸੇ ਵਾਸਤੇ ਦਵੈਸ਼ ਭਾਵ ਨਾ ਹੋਵੇ। ਅਸੀਂ ਕਿਸੇ ਵਾਸਤੇ ਮਾੜਾ ਨਾ ਸੋਚੀਏ। ਹੌਲੀ-ਹੌਲੀ ਸਾਡਾ ਇਹ ਸੁਭਾਉ ਹੀ ਬਣ ਜਾਵੇ, ਅਸੀਂ ਕਿਸੇ ਦਾ ਕਦੇ ਮਾੜਾ ਨਾ ਸੋਚੀਏ। ਗੁਰਬਾਣੀ 'ਚ ਵੀ ਸੱਚੇ ਪਾਤਸ਼ਾਹ ਹੁਕਮ ਕਰਦੇ ਨੇ, ਸਤਿਗੁਰੂ ਜਗਜੀਤ ਸਿੰਘ ਜੀ ਨੇ ਬਹੁਤ ਜਗ੍ਹਾ ਹੁਕਮ ਕੀਤਾ ਹੈ ਕਿ ਨਿੰਦਿਆ ਨਾ ਕਰੀਏ: ਗੁਰੂ ਘਰ ਦੀ ਤੇ ਦੂਰ ਦੀ ਗਲ ਹੈ, ਕਿਸੇ ਦੀ ਵੀ ਨਿੰਦਿਆ ਨਾ ਕਰੀਏ। ਜਦੋਂ ਅਸੀਂ ਕਿਸੇ ਦੀ ਨਿੰਦਿਆ ਕਰਦੇ ਹਾਂ ਉਦੋਂ ਅਸੀਂ ਆਪਣੇ ਆਪ ਨੂੰ ਉੱਚਾ ਅਤੇ ਦੂਜਿਆਂ ਨੂੰ ਨੀਵਾਂ ਸਮਝਕੇ ਹੀ ਨਿੰਦਿਆ ਹੁੰਦੀ ਹੈ। ਸੱਚੇ ਪਾਤਸ਼ਾਹ ਕੀ ਹੁਕਮ ਕਰਦੇ ਨੇ, ਹੋ ਸਕਦਾ ਹੈ ਸਾਡੇ ਵਿੱਚ ਵੀ ਕੁਝ ਗੁਣ ਹੋਣ ਜੇ ਅਸੀਂ ਕਿਸੇ ਤੋਂ ਹੋਰ ਸੁਣ ਲਵਾਂਗੇ ਤਾਂ ਸਾਡੇ ਗੁਣਾਂ ਵਿਚ ਵਾਧਾ ਹੀ ਹੋਵੇਗਾ। ਕਿਸੇ ਦੀ ਬੁਰਿਆਈ ਕਿਉਂ ਲੈਣੀ ਹੈ, ਅਸੀਂ ਕਿਸੇ ਦੇ ਗੁਣ ਲਈਏ। ਅਸੀਂ ਕਿਸੇ ਦੀ ਸੋਭਾ ਕਰੀਏ। ਜੇ ਅਸੀਂ ਏਨਾ ਹੀ ਕਰ ਲਈਏ ਕਿ ਅਸੀਂ ਕਿਸੇ ਦੀ ਬੁਰਿਆਈ ਨਹੀਂ ਕਰਨੀ ਤਾਂ ਸਾਡਾ ਜੀਵਨ ਬਹੁਤ ਉੱਚਾ ਹੋ ਜਾਵੇਗਾ। ਨਾਮ ਸਿਮਰਨ ਵਿੱਚ ਤੁਹਾਡਾ ਮਨ ਲੱਗਣ ਵਿੱਚ ਇਹ ਚੀਜਾ ਸਹਾਈ ਹੁੰਦੀਆਂ ਨੇ। ਏਧਰ ਨੂੰ ਤੁਰਨ ਦੀ ਜ਼ਰੂਰਤ ਹੈ।

ਆਪਣੇ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਕੇ, ਪਹਿਲੀ ਸਟੇਜ ਹੈ ਕਿ ਅਸੀਂ ਪਾਠ ਕਰਨਾ ਸਿੱਖੀਏ, ਦੂਸਰੀ ਸਟੇਜ ਹੈ, ਅਸੀਂ ਗੁਰਬਾਣੀ ਨੂੰ ਸਮਝ ਕੇ ਗੁਰਬਾਣੀ ਨੂੰ ਜੀਵੀਏ। ਗੁਰਬਾਣੀ ਕੀ ਹੈ? ਗੁਰਬਾਣੀ, ਸੱਚੇਪਾਤਸ਼ਾਹ ਦੇ ਸਾਡੇ ਵਾਸਤੇ ਦਿਤੇ ਹੋਏ ਹੁਕਮ ਨੇ। ਉਹ ਹੁਕਮ ਉਨ੍ਹਾਂ ਸਤਿਗੁਰੂ ਸਾਹਿਬ ਦੇ ਨੇ ਜਿਨ੍ਹਾਂ ਸਤਿਗੁਰਾਂ ਵਿੱਚ ਤੇ ਨਿਰੰਕਾਰ ਵਿੱਚ, ਰੱਬ ਵਿੱਚ ਕੋਈ ਭੇਦ ਨਹੀਂ ਸੀ। ਉਹ ਅਭੇਦ ਹੋ ਕੇ ਰਚੀ ਗਈ, ਭਾਵੇਂ ਉਹ ਭਗਤਾਂ ਦੀ ਬਾਣੀ ਹੈ, ਭਾਵੇਂ ਸਾਡੇ ਸਤਿਗੁਰੂ ਸਾਹਿਬਾਨ ਦੀ ਬਾਣੀ ਹੈ। ਉਨ੍ਹਾਂ ਹੁਕਮਾਂ ਨੂੰ ਬਾਣੀ ਨੂੰ ਮੱਥਾ ਟੇਕਣ ਤੱਕ ਹੀ ਸੀਮਿਤ ਨਾ ਰੱਖੀਏ। ਤੁਸੀਂ ਏਥੇ ਪਹਿਲੀ ਜਾਂ ਦੂਜੀ ਜੈਨਰੇਸ਼ਨ ਹੋ, ਪੰਜਾਬੀ ਸਮਝਦੇ ਹੋ, ਸੱਚੇ ਪਾਤਸ਼ਾਹ ਦੇ ਉਪਦੇਸ਼ ਸੁਣਿਆ ਕਰੀਏ। ਸੱਚੇ ਪਾਤਸ਼ਾਹ ਦੇ ਉਪਦੇਸ਼ ਹੈ ਹੀ ਗੁਰਬਾਣੀ ਦੇ ਅਧਾਰਤ ਨੇ। ਉਹ ਉਪਦੇਸ਼ ਸੁਣ ਕੇ ਉਨ੍ਹਾਂ ਨੂੰ ਆਪਣੀ ਜਿੰਦਗੀ ਵਿੱਚ ਇੰਪਲੀਮੈਂਟ (ਲਾਗੂ) ਕਰਨ ਦੀ ਕੋਸ਼ਿਸ਼ ਕਰੀਏ, ਉਨ੍ਹਾਂ ਨੂੰ ਅਸੀਂ ਮੰਨਣ ਦੀ ਕੋਸ਼ਿਸ਼ ਕਰੀਏ। ਜੇ ਅਸੀਂ ਏਥੇ ਚੰਗੇ ਸਿੱਖ ਬਣ ਜਾਵਾਂਗੇ ਤਾਂ ਸਾਨੂੰ ਅੱਗੇ (ਪ੍ਰਲੋਕ) ਵੀ ਕੋਈ ਚਿੰਤਾ ਨਹੀਂ। ਇਹ ਸਿੱਖੀ ਦਾ ਉਹ ਰਸਤਾ ਹੈ, ਜਿਸ ਤੇ ਚੱਲ ਕੇ ਏਥੇ ਵੀ ਤੇ ਅੱਗੇ ਵੀ ਅਸੀਂ ਸੁਖੀ ਹੋ ਸਕਦੇ ਹਾਂ। ਮੈਂ ਸਮਝਦਾ ਨਾਮ ਜੱਪਣ ਵਾਲੇ ਸਿੰਘ ਗੁਰਬਾਣੀ ਤੇ ਚੱਲਣ ਵਾਲੇ ਸਿੱਖ ਦੇ ਜੇ ਪੈਸੇ ਵਧਦੇ ਘਟਦੇ ਨੇ ਕਦੇ ਬਿਮਾਰੀ ਆ ਜਾਂਦੀ ਹੈ, ਕਦੇ ਸਰੀਰ ਠੀਕ ਹੋਇਆ, ਕਦੇ ਬਿਮਾਰ ਹੋਇਆ, ਕਦੇ ਵਿਹਾਰ ਚੰਗਾ ਹੋਇਆ ਕਦੇ ਮਾੜਾ ਹੋਇਆ। ਪਰ ਗੁਰਸਿੱਖ ਦਾ ਮਨ ਏਨਾ ਮਜ਼ਬੂਤ ਬਣ ਜਾਂਦਾ ਹੈ ਕਿ ਉਨ੍ਹਾਂ ਨੂੰ ਦੁੱਖ, ਦੁੱਖ ਲਗਦਾ ਹੀ ਨਹੀਂ। ਦੁੱਖ-ਸੁਖ ਤੁਹਾਡੇ ਮਨ ਨਾਲ ਹੀ ਹੁੰਦਾ ਹੈ। ਗੁਰਸਿੱਖ ਦੇ ਮਨ ਦੀ ਅਵਸਥਾ ਏਨੀ ਚੰਗੀ ਹੋ ਜਾਂਦੀ ਹੈ। ਕਿਉਂ ਚੰਗੀ ਹੋ ਜਾਂਦੀ ਹੈ ਕਿਉਂਕਿ ਗੁਰਸਿੱਖ ਇਹ ਸਮਝਦਾ ਹੈ ਕਿ ਜੋ ਮੇਰੇ ਪਿਆਰੇ ਨੇ, ਮੇਰੇ ਪ੍ਰੀਤਮ ਨੇ, ਮੇਰੇ ਸਤਿਗੁਰੂ ਨੇ, ਮੇਰੇ ਮਾਲਕ ਨੇ, ਪਿਤਾ ਜੋ ਕੁਝ ਦੇਂਦਾ ਹੈ, ਤੁਹਾਨੂੰ ਉਹਦੇ ਤੇ ਸੰਤੋਖ ਹੋ ਜਾਂਦਾ ਹੈ। ਤੁਹਾਡੀਆਂ ਮੰਗਾਂ ਮੁੱਕ ਜਾਂਦੀਆਂ ਨੇ। ਇਹ ਅਭੇਦਤਾ ਦੀ ਗੁਰਸਿੱਖੀ ਹੈ। ਇਹ ਸ਼ਾਇਦ ਬਹੁਤ ਅੱਗੇ ਦੀ ਅਵਸਥਾ ਹੈ, ਪਰ ਆਪਾਂ ਹੌਲੀ-ਹੌਲੀ ਉਸ ਰਸਤੇ ਤੇ ਤੁਰ ਸਕਦੇ ਹਾਂ।

ਮੈਂ ਫੇਰ ਦੁਹਰਾਉਂਦਾ ਹਾਂ ਕਿ ਪਹਿਲੋਂ ਬੱਚਿਆਂ ਨੂੰ ਚਾਰ ਸਾਹਿਬਜ਼ਾਦਿਆਂ ਤੱਕ ਹੀ ਅਰਦਾਸ ਆਉਂਦੀ ਹੋਵੇ। ਜੇ ਤੁਸੀਂ ਛੋਟੇ ਬੱਚਿਆਂ ਨੂੰ ਕਰਵਾਉਗੇ, ਇਕ ਨਹੀਂ ਤਾਂ ਦੋ ਦਿਨ 'ਚ ਅਰਦਾਸ ਯਾਦ ਹੋ ਜਾਵੇਗੀ। ਕੋਈ ਵੀ ਬੱਚਾ ਐਸਾ ਨਾ ਹੋਵੇ ਜਿਸਨੂੰ ਅਰਦਾਸ ਨਾ ਆਉਂਦੀ ਹੋਵੇ। ਮੈਂ ਆਪਣੇ ਗੁਰੂਆਂ ਦਾ ਮੈਂ ਪਿਤਾ ਹੀ ਆਖਾਂਗਾ, ਜਿਸਨੂੰ ਆਪਣੇ ਪਿਤਾ ਦਾ, ਗੁਰੂਆਂ ਦਾ ਨਾਮ ਨਾ ਆਉਂਦਾ ਹੋਏ। ਸਿੱਖ ਹੋਣ ਦਾ ਮਾਣ ਮਹਿਸੂਸ ਕਰੋ ਸਿੱਖ ਹੋਣ ਦੀ ਕਦੇ ਸ਼ਰਮ ਨਾ ਸਮਝਿਆ ਕਰੋ। ਤੁਸੀਂ ਘਰੋਂ ਕਿਤੇ ਵੀ ਜਾਂਦੇ ਹੋ ਅਰਦਾਸ ਕਰ ਕੇ ਜਾਉ। ਕਈ ਮੇਰੇ ਕੋਲ ਆਉਂਦੇ ਨੇ ਕੋਈ ਕਹਿੰਦਾ ਹੈ ਮੈਂ ਪੱਕਾ ਹੋ ਜਾਵਾਂ, ਕੋਈ ਕਹਿੰਦਾ ਹੈ, ਮੈਨੂੰ ਅਡਮੀਸ਼ਨ ਮਿਲ ਜਾਵੇ ਕੋਈ ਕਹਿੰਦਾ ਹੈ, ਮੇਰਾ ਇਗਜ਼ਾਮ ਠੀਕ ਹੋ ਜਾਵੇ। ਮੰਗਨਾ ਤਾਂ ਆਪਾਂ ਉਸੇ ਹੀ ਮਾਲਕ ਤੋਂ ਹੈ, ਤੁਸੀਂ ਆਪ ਹੀ ਅਰਦਾਸ ਕਰਕੇ ਮੰਗਲਿਆ ਕਰੋ। ਅਰਦਾਸ ਤੁਹਾਡੀ ਵੀ ਉਨੀ ਹੀ ਸੁਣੀ ਜਾਂਦੀ ਹੈ। ਉਹ ਮਾਲਕ ਸਦਾ ਨੇੜੇ ਹੈ, ਕਦੇ ਵੀ ਦੂਰ ਨਹੀਂ। ਇਹ ਸਮਝਣ ਦੀ ਲੋੜ ਹੈ ਕਿ ਅਸੀਂ ਮਾਲਕ ਨੂੰ ਸਦਾ ਆਪਣੇ ਨੇੜੇ ਸਮਝੀਏ। ਆਪਣੇ ਸਤਿਗੁਰੂ ਨੂੰ ਸਦਾ ਨੇੜੇ ਸਮਝਣਾ ਹੈ। ਸਾਡੇ ਧਰਮ ਦਾ ਇਹ ਹੀ ਫਰਕ ਹੈ, ਅਸੀਂ ਪਰਮਾਤਮਾ ਨੂੰ ਨਾ ਸਤਵੇਂ ਅਕਾਸ਼ ਵਿੱਚ ਜਾਂ ਸਤਵੇਂ

ਅਸਮਾਨ ਵਿੱਚ ਮੰਨਦੇ ਹਾਂ। ਰਾਗੀ ਸ਼ਬਦ ਪੜ੍ਹਦੇ ਹੁੰਦੇ ਨੇ- ਸਾਜਨੜਾ ਮੇਰਾ ਸਾਜਨੜਾ ਨਿਕਟ ਖਲੋਇਅੜਾ॥ ਉਹ ਪਾਤਸ਼ਾਹ ਸਦਾ ਹੀ ਮੇਰੇ ਨੇੜੇ ਹੈ। ਅਰਦਾਸ ਸਾਡੀ ਦਿਲੋਂ ਹੋਣੀ ਚਾਹੀਦੀ ਹੈ। ਅਰਦਾਸ ਕਰਦਿਆਂ ਪਹਿਲਾ ਸਟੈਪ ਹੈ ਕਿ ਸਾਡੀਆਂ ਮੰਗਾ ਘੱਟ ਜਾਣ। ਹੌਲੀ-ਹੌਲੀ ਮੰਗ ਏਥੇ ਕੁ ਆ ਜਾਵੇ ਕਿ ਪਾਤਸ਼ਾਹ ਤੂੰ ਮੈਨੂੰ ਜੋ ਦਿੱਤਾ ਹੈ, ਜੋ ਦੇਣਾ ਹੈ, ਮੈਨੂੰ ਉਹਦੇ ਤੇ ਹੀ ਖੁਸ਼ੀਆਂ ਦੇ ਦੇ। ਆਪਾਂ ਸਾਰਾ ਕੁਝ ਕਾਹਦੇ ਵਾਸਤੇ ਕਰਦੇ ਹਾਂ, ਐਂਡ ਆਫਦਾ ਡੇਅ, ਆਪਾਂ ਖੁਸ਼ੀਆਂ ਵਾਸਤੇ ਹੀ ਕਰਦੇ ਹਾਂ। ਕੀ ਤੁਸੀਂ ਵੇਖਦੇ ਨਹੀਂ ਆਪਣੇ ਆਲੇ-ਦੁਆਲੇ ਬਹੁਤ ਸਾਰੇ ਬੰਦੇ ਜਿਨਾਂ ਕੋਲ ਬਹੁਤ ਪੈਸਾ ਹੈ, ਕੀ ਉਹ ਸਾਰੇ ਸੁਖੀ ਨੇ। ਉਨ੍ਹਾਂ 'ਚ ਬਹੁਤ ਸਾਰੇ ਦੁਖੀ ਨੇ ਕਈ ਸੂ-ਸਾਈਡ (ਆਤਮ- ਹੱਤਿਆ) ਵੀ ਕਰਦੇ ਨੇ ਤੁਸੀਂ ਰੋਜ਼ ਨਿਊਜ ਪੜ੍ਹਦੇ ਹੋ। ਕਿਹੜੇ ਐਕਟਰ ਨੂੰ ਸਜਾ ਹੋ ਗਈ, ਕਿੰਨੇ ਸੂ-ਸਾਈਡ ਕਰ ਲਿਆ ਕਿਹੜਾ ਕਿੰਨੇ ਸਾਲਾਂ ਲਈ ਜੇਲ੍ਹ ਚਲਾ ਗਿਆ। ਉਨ੍ਹਾਂ ਕੋਲ ਪੈਸੇ ਦੀ ਤੇ ਕੋਈ ਕਮੀ ਨਹੀਂ ਸੋ ਜੇ ਅਸੀਂ ਮੰਗਨਾ ਹੈ ਤਾਂ ਅਸੀਂ ਸੁਮੱਤ ਮੰਗਨੀ ਹੈਂ ਅਸੀਂ ਮੰਗਨਾ ਹੈ ਕਿ ਤੂੰ ਮੈਨੂੰ ਕਦੀਂ ਨਾ ਭੁੱਲੇ। ਜੋ ਤੂੰ ਮੈਨੂੰ ਦਿੱਤਾ ਹੈ ਮੈਨੂੰ ਉਹਦੇ 'ਚ ਹੀ ਖੁਸ਼ੀਆਂ ਦੇ ਦੇ। ਮੈਂ ਤੇਰੇ ਦਿੱਤੇ ਤੇ ਸਦਾ ਖੁਸ਼ ਰਹਾਂ। ਤੇਰਾ ਹੁਕਮ ਮੰਨ ਸਕਾਂ। ਪਹਿਲੀ ਗੱਲ ਹੈ ਸਾਡੀ ਅਰਦਾਸ ਕਿ ਸਾਡੀਆਂ ਮੰਗਾਂ ਸਤਿਗੁਰੂ ਦੀ ਖੁਸ਼ੀ ਤੱਕ ਸੀਮਿਤ ਹੋ ਜਾਣ। ਸਤਿਗੁਰੂ ਦੀ ਖੁਸ਼ੀ ਵਿੱਚ ਸਾਡੀ ਖੁਸ਼ੀ ਹੋ ਜਾਵੇ ਤਾਂ ਫਿਰ ਸਾਡੀ ਖੁਸ਼ੀ ਵਿੱਚ ਹੀ ਸਤਿਗੁਰੂ ਦੀ ਖੁਸ਼ੀ ਹੋ ਜਾਂਦੀ ਹੈ। ਸੋ ਸਤਿਗੁਰੂ ਕਿਰਪਾ ਕਰੇ ਅਸੀਂ ਸਿਰਫ ਇਹ ਗੱਲਾਂ ਕਰਨ ਜੋਗੇ ਹੀ ਨਾ ਰਹੀਏ, ਅਸੀਂ ਸਿੱਖੀ ਨੂੰ ਜੀਉਂ ਸੱਕੀਏ। ਅਸੀਂ ਗੁਰਬਾਣੀ ਨੂੰ ਜੀਉਂ ਸੱਕੀਏ। ਅਸੀਂ ਉਨ੍ਹਾਂ ਦੇ ਹੁਕਮ ਮੰਨ ਸੱਕੀਏ, ਸੋ ਏਨੀ ਅਰਜ ਕਰਕੇ ਆਗਿਆ ਲੈਂਦਾ ਹਾਂ। ਸਤਿ ਸ੍ਰੀ ਅਕਾਲ॥

ਸ੍ਰੀ ਸਤਿਗੁਰੂ ਜੀ ਦੇ ਉਪਦੇਸ਼ ਉਪਰੰਤ ਚਾਰ ਬੱਚੀਆਂ ਨੇ ਇਕ ਸ਼ਬਦ ਗਾਇਨ ਕੀਤਾ। ਸ਼ਬਦ ਗਾਇਨ ਕਰਨ ਵਾਲੀਆਂ ਬੀਬੀਆਂ ਸਨ: ਨਿਰੰਜਨ ਕੌਰ, ਨਿਰੋਤਮ ਕੌਰ, ਸਿਮਰਨ ਕੌਰ, ਸਿਮਰਨ ਕੌਰ ਅਤੇ ਅਮਨ ਕੌਰ। ਇਨ੍ਹਾਂ ਤੋਂ ਬਾਅਦ ਬੀਬੀ ਗੁਰਦੇਵ ਕੌਰ, ਅਰਸ਼ਪ੍ਰੀਤ ਕੌਰ, ਸਿਮਰਨ ਕੌਰ ਅਤੇ ਅਮਨ ਕੌਰ ਨੇ ਸ੍ਰੀ ਰਾਗ ਦਾ ਸ਼ਬਦ ਹਰਮੋਨੀਅਮ ਨਾਲ ਗਾਇਨ ਕੀਤਾ। ਗੁਰਦਿੱਤ ਸਿੰਘ ਯੂ.ਕੇ. ਨੇ ਤਬਲੇ ਤੇ ਸੰਗਤ ਕੀਤੀ। ਸੰਤ ਨਿਸ਼ਾਨ ਸਿੰਘ ਜੀ ਨੇ ਅੱਜ ਦੇ ਕਥਾ ਕੀਰਤਨ ਦੀ ਸੰਪੂਰਨਤਾ ਦੀ ਅਰਦਾਸ ਕੀਤੀ।

**ਚਲਦਾ.... ਹਰਪਾਲ ਸਿੰਘ ਸੇਵਕ**

## ਸ੍ਰੀ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਵਿੰਨੀਪੈਗ ਵਿਖੇ ਹਵਨ ਯੱਗ ਹੋਇਆ

ਪੁਰਾਤਨ ਭਾਰਤੀ ਪ੍ਰੰਪਰਾਵਾਂ ਅਨੁਸਾਰ ਹਵਨ-ਯੱਗ ਦੀ ਬਹੁਤ ਮਹਾਨਤਾ ਦੱਸੀ ਗਈ ਹੈ। ਇਸ ਦੀ ਗਵਾਹੀ ਭਰਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਬਾਣੀ ਵਿੱਚ ਫੁਰਮਾਉਂਦੇ ਹਨ- ਤਿਤੁ ਘਿਇ ਹੋਮ ਜਗ ਸਦ ਪੂਜਾ ਪਇਐ ਕਾਰਜੁ ਸੋਹੈ॥ ਭਾਵ ਕਿ ਕਿਸੇ ਵੀ ਕਾਰਜ ਦੀ ਅਰੰਭਤਾ ਹਵਨ-ਯੱਗ ਕਰਕੇ ਕੀਤੀ ਜਾਵੇ ਤਾਂ ਉਹ ਕਾਰਜ ਸੁਭਾਇਮਾਨ ਅਤੇ ਸੋਭਨੀਕ ਹੁੰਦਾ ਹੈ। ਪਿਛਲੇ ਦਿਨੀ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਆਗਿਆ ਨਾਲ ਸੂਬਾ ਬਲਵੀਰ ਸਿੰਘ ਵੈਨਕੂਵਰ ਤੋਂ ਵਿੰਨੀਪੈਗ ਪਧਾਰੇ ਸਨ। ਵਿੰਨੀਪੈਗ ਦੀ ਸਾਧ ਸੰਗਤ ਵੱਲੋਂ ਨਾਮ ਸਿਮਰਨ-ਜਪ ਪ੍ਰਯੋਗ ਅਰੰਭ ਕੀਤਾ ਜਾਣਾ ਸੀ। ਉਸ ਤੋਂ ਪਹਿਲਾਂ ਨੌਜਵਾਨ ਜਥੇ ਵੱਲੋਂ ਸੂਬਾ ਬਲਬੀਰ ਸਿੰਘ ਜੀ ਦੀ ਅਗਵਾਈ ਵਿੱਚ ਹਵਨ-ਯੱਗ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ। ਵਿਧੀਪੂਰਵ ਸੋਧ ਦੇ ਜਲ ਦਾ ਪ੍ਰਬੰਧ ਕਰਕੇ ਪਹਿਲਾਂ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕੀਤਾ ਗਿਆ।

ਸ. ਅਮਰਜੀਤ ਸਿੰਘ ਪੁਰੇਵਾਲ ਦੇ ਗ੍ਰਹਿ ਵਿਖੇ



ਪਹਿਲਾਂ ਹਵਨ ਸੂਬਾ ਬਲਬੀਰ ਸਿੰਘ ਜੀ ਦੀ ਅਗਵਾਈ ਵਿੱਚ ਵਿੰਨੀਪੈਗ ਦੇ ਨੌਜਵਾਨਾਂ ਵੱਲੋਂ ਪਹਿਲੀ ਵਾਰ ਵਿੰਨੀਪੈਗ (ਕੈਨੇਡਾ) ਦੀ ਧਰਤੀ ਤੇ ਕੀਤਾ ਗਿਆ, ਜਿਸ ਵਿੱਚ ਸੂਬਾ ਬਲਬੀਰ ਸਿੰਘ ਵੈਨਕੂਵਰ, ਸ. ਆਸਾ ਸਿੰਘ ਪੁੱਤਰ ਅਮਰਜੀਤ ਸਿੰਘ ਪੁਰੇਵਾਲ, ਲਵਪ੍ਰੀਤ ਸਿੰਘ ਪੁੱਤਰ ਸੂਬਾ ਬਲਵਿੰਦਰ ਸਿੰਘ ਝੱਲ, ਸ. ਸੁਖਦੇਵ ਸਿੰਘ ਕੱਕੜ, ਸ. ਗੁਰਦੇਵ ਸਿੰਘ ਪੁੱਤਰ ਸ. ਸੁਖਦੇਵ ਸਿੰਘ ਕੱਕੜ, ਗੰਗਾ ਸਿੰਘ ਅਤੇ ਜਵੰਦ ਸਿੰਘ ਨੇ ਭਾਗ ਲਿਆ। ਇਸੇ ਤਰ੍ਹਾਂ ਹੀ ਦੂਸਰਾ ਹਵਨ ਸ. ਗੁਰਦੇਵ ਸਿੰਘ ਕੱਕੜ ਦੇ ਗ੍ਰਹਿ ਵਿਖੇ ਕੀਤਾ ਗਿਆ। ਸ੍ਰੀ ਸਤਿਗੁਰੂ ਜੀ ਕ੍ਰਿਪਾ ਕਰਨ ਅਤੇ ਇਨ੍ਹਾਂ

ਨੌਜਵਾਨਾਂ ਦੇ ਸਿਰ ਤੇ ਮਿਹਰ ਭਰਿਆ ਹਸਤ ਕਵਲ ਰੱਖਣ ਤਾਂ ਜੋ ਇਹ ਨੌਜਵਾਨ ਇਸੇ ਤਰ੍ਹਾਂ ਉਤਸਾਹ ਅਤੇ ਉੱਦਮ ਨਾਲ ਗੁਰਸਿਖੀ ਅਜਿਹੇ ਕਾਰਜ ਕਰਦੇ ਸ੍ਰੀ ਸਤਿਗੁਰੂ ਜੀ ਦੀਆਂ ਖੁਸ਼ੀਆਂ ਦੇ ਪਾਤਰ ਬਣੇ ਰਹਿਣ।

**ਲਵਪ੍ਰੀਤ ਸਿੰਘ ਝੱਲ**

..................................................

## ਥਾਈਲੈਂਡ ਸਤਿਗੁਰੂ ਜੀ ਦੇ ਦਰਸ਼ਨ ਬੀਬੀ ਰਜਿੰਦਰਪਾਲ ਕੌਰ ਚਾਵਲਾ ਨਮਿਤ ਭੋਗ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਅਪਾਰ ਬਖ਼ਸ਼ਿਸ਼ ਕਰਦੇ ਹਨ ਸਿਖਾਂ ਦੇ ਦੁੱਖਾਂ-ਸੁੱਖਾਂ ਵਿੱਚ ਉਚੇਚਾ ਸਮਾਂ ਕੱਢ ਕੇ ਦਰਸ਼ਨ ਦਿੰਦੇ ਹਨ। 22 ਅਗਸਤ ਦਿਨ ਐਤਵਾਰ ਨੂੰ ਸ੍ਰੀ





ਸਤਿਗੁਰੂ ਜੀ ਨੇ ਥਾਈਲੈਂਡ ਦੀ ਰਾਜਧਾਨੀ ਬੈਂਕੌਂਕ ਨਾਮਧਾਰੀ ਗੁਰਦੁਆਰੇ ਸੋਇ ਅਸੋਕ ਦਰਸ਼ਨ ਦਿਤੇ। ਸਤਿਗੁਰੂ ਜੀ ਦੀ ਆਮਦ ਸੁਣ ਵੱਡੀ ਗਿਣਤੀ ਵਿੱਚ ਸਾਧ-ਸੰਗਤ ਗੁਰੂਦੁਆਰੇ ਪਹੁੰਚੀ। ਨਾਮ ਸਿਮਰਨ ਵਿੱਚ ਸਾਧ ਸੰਗਤ ਦਰਸ਼ਨ ਕਰ ਆਪਣੇ ਆਪਣੇ ਸਥਾਨ ਤੇ ਬੈਠ ਰਹੀ ਸੀ। ਦੋ ਪਾਠਾਂ ਦੇ ਭੋਗ ਪਾਏ ਗਏ। ਇਕ ਪਾਠ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿੱਚ ਇਕ ਪਾਠ ਬੀਬੀ ਰਜਿੰਦਰਪਾਲ ਕੌਰ ਚਾਵਲਾ ਦੀ ਯਾਦ ਵਿੱਚ ਪਾਇਆ ਗਿਆ।

ਬੀਬੀ ਰਜਿੰਦਰਪਾਲ ਕੌਰ ਸੇਠ ਸੁਰਅਮ੍ਰਿਤ ਕੌਰ ਦੀ ਧਰਮ ਪਤਨੀ ਸਨ। ਸੇਠ ਸੁਰਅਮ੍ਰਿਤ ਸਿੰਘ ਹੁਰੀਂ ਸੰਤ ਫੂਲਾ ਸਿੰਘ ਦਾ ਪਰਿਵਾਰ ਹੈ ਜੋ ਟਕਸਾਲੀ ਨਾਮਧਾਰੀਆਂ ਦਾ ਪਰਿਵਾਰ ਹੈ। ਪਰਿਵਾਰ ਨੇ ਵਿਛੜ ਚੁੱਕੇ ਜੀਅ ਲਈ ਸ਼ਰਧਾਂਜਲੀ ਭੇਟ ਕੀਤੀ। ਅਰਦਾਸ ਆਸਾ ਸਿੰਘ 'ਸੇਵਕ' ਨੇ ਕੀਤੀ। ਕੀਰਤਨ ਸ੍ਰੀ ਭੈਣੀ ਸਾਹਿਬ ਦੇ ਜਥੇ. ਨੇ ਕੀਤਾ। ਰਾਗੀ ਹਰਵਿੰਦਰ ਸਿੰਘ, ਤਬਲਾ ਹਰਪ੍ਰੀਤ ਸਿੰਘ ਸੋਨੂੰ ਅਤੇ ਹਰਨਾਮ ਸਿੰਘ ਆਦਿ ਰਾਗੀਆਂ ਨੇ ਰਲ ਕੇ ਕੀਰਤਨ ਕੀਤਾ। ਸ਼ਬਦ ਸੀ 'ਇਹੁ ਤਉ ਰਚਨੁ ਰਚਿਆ ਕਰਤਾਰਿ' ਅੱਜ ਪੰਜ ਭਾਦਰੋਂ ਵੀ ਸੀ ਇਸ ਕਰਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿੱਚ ਇਕ ਕਵਿਤਾ ਰਾਗੀ ਸਿੰਘ ਹਰਵਿੰਦਰ ਸਿੰਘ ਨੇ ਪੜ੍ਹੀ- 'ਪ੍ਰਤਾਪੀ ਵੱਡ ਪ੍ਰਤਾਪ ਜੀਉ'

ਸ੍ਰੀ ਸਤਿਗੁਰੂ ਜੀ ਪਾਵਨ ਪਵਿਤਰ ਉਪਦੇਸ਼ ਦਿੱਤਾ "ਆਪ ਨੇ ਪਰਿਵਾਰ ਨੂੰ ਪ੍ਰਮੇਸ਼ਰ ਦਾ ਭਾਣਾ ਸਤਸੰਗੀ ਬਣ ਮੰਨਣ ਲਈ ਕਿਹਾ ਉਥੇ ਆਈਆਂ ਸੰਗਤਾਂ ਨੂੰ ਸੰਸਾਰ ਦੀ ਨਾਸਵਾਨਤਾ ਦੇ ਸਿਧਾਂਤ ਬਾਰੇ ਅਗਾਹ ਕੀਤਾ ਸਾਧ ਸੰਗਤ ਨੂੰ ਨਾਮ, ਬਾਣੀ ਅੰਮ੍ਰਿਤ ਵੇਲੇ ਦਾ ਉਠਚਾ ਆਦਿ ਉਪਦੇਸ਼ ਦ੍ਰਿੜ ਕਰਵਾਏ।

ਰਾਤ ਡੇਰੇ ਪਕਾਮਾਸ ਪਹੁੰਚੇ। ਸਵੇਰੇ 22-8-2022 ਨੂੰ ਵਾਰ ਡੇਰੇ ਪਕਾਮਾਸ ਹੀ ਲਗੀ ਸੰਗਤ ਹੁਮ-ਹੁੰਮਾ ਕੇ ਪਹੁੰਚੀ। ਸ਼ਾਮ ਨੂੰ ਸਤਿਗੁਰੂ ਜੀ ਦੀ ਵਾਪਸੀ ਸੀ। ਬਹੁਤ ਸਾਰੇ ਸਿਖਾਂ ਡੇਰੇ ਆ ਦਰਸ਼ਨ ਕੀਤੇ ਅਤੇ ਅਰਜ਼ਾ ਸੁਣਾਈਆਂ।

**ਬੀਬੀ ਕਵਲਜੀਤ ਕੌਰ**

..................................................

## ਸ. ਰਤਨਜੀਤ ਸਿੰਘ ਜੀ ਨਹੀਂ ਰਹੇ

**18 ਸਤੰਬਰ 2022**

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਪ੍ਰੀਤਵਾਨ ਸਿੱਖ ਸ. ਰਤਨਜੀਤ ਸਿੰਘ ਆਪਣੀ ਜੀਵਨ ਯਾਤਰਾ ਪੂਰੀ ਕਰ 5 ਸਤੰਬਰ 2022 ਨੂੰ ਅਕਾਲ ਚਲਾਣਾ ਕਰ ਗਏ।

ਸ. ਰਤਨਜੀਤ ਸਿੰਘ ਜੀ ਦੇ ਪਿਤਾ ਦਾ ਨਾਮ ਰਘਬੀਰ ਸਿੰਘ ਸੀ। ਆਪ ਕਿਰਤੀ, ਨਾਮ ਰਸੀਏ ਸਿਖ ਸੀ।ਸ. ਰਤਨਜੀਤ ਸਿੰਘ ਦੀ ਉਮਰ 77 ਸਾਲ ਸੀ ਅਤੇ

ਇਕ ਹਾਰਟ ਦੀ ਸਰਜਰੀ ਵੀ ਹੋ ਚੁੱਕੀ ਸੀ ਪਰ ਸਤਿਗੁਰੂ ਜੀ ਦੀ ਕਿਰਪਾ ਨਾਲ ਸਰੀਰ ਬਹੁਤ ਸੋਹਣਾ ਸਾਥ ਨਿਭਾ ਰਿਹਾ ਸੀ। ਅਚਾਨਕ ਤਕ਼ਲੀਫ਼ ਹੋਈ ਅਤੇ ਹਸਪਤਾਲ ਵਿੱਚ ਪਹੁੰਚੇ ਜਿਥੇ ਸਵਾਸ ਪੂਰੇ ਹੋ ਗਏ। ਸ. ਰਤਨਜੀਤ ਸਿੰਘ



ਕਰਨਪਾਲ ਸਿੰਘ ਜੀ ਦੇ ਪਿਤਾ ਸਨ। ਕਰਨਪਾਲ ਸਿੰਘ ਸਤਿਗੁਰੂ ਜੀ ਦੀ ਕਿਰਪਾ ਨਾਲ ਜਿਥੇ ਆਪਣੀ ਕਿਰਤ ਕਰਦੇ ਹਨ। ਉਥੇ ਸ੍ਰੀ ਭੈਣੀ ਸਾਹਿਬ ਸੇਵਾ ਲਈ ਹਰ ਸਮੇਂ ਹਾਜ਼ਰ ਰਹਿੰਦੇ ਹਨ।

ਸ. ਰਤਨਜੀਤ ਸਿੰਘ ਜੀ ਨਮਿਤ ਭੋਗ 18 ਸਤੰਬਰ 2022 ਨੂੰ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਾਇਆ ਗਿਆ। ਸੰਤ ਗੁਰੂਬਚਨ ਸਿੰਘ ਜੀ ਨੇ ਕਥਾ ਕੀਤੀ ਅਤੇ ਸ. ਰਤਨਜੀਤ ਸਿੰਘ ਜੀ ਅਤੇ ਪਰਿਵਾਰ ਬਾਰੇ ਸੰਗਤ ਨੂੰ ਦੱਸਿਆ।

**ਗੁਰਦੇਵ ਸਿੰਘ ਚੀਮਾ**

..................................................

## ਸ੍ਰੀ ਭੈਣੀ ਸਾਹਿਬ ਹਾਈਡ੍ਰੋਲਿਕ ਨਿਸ਼ਾਨ ਝੁਲਾਇਆ ਗਿਆ

**27 ਸਤੰਬਰ 2022**

ਅੱਜ ਤੋਂ ਇਕ ਸੌਂ ਚੌਂਹਠ ਸਾਲ ਪਹਿਲਾਂ ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਦੀ ਧਰਤੀ 'ਤੇ ਸਫ਼ੈਦ ਝੰਡਾ ਲਹਿਰਾ ਕੇ ਸੁਤੰਰਤਾ ਦੀ ਕੂਕ ਮਾਰੀ ਸੀ। ਲੱਖਾਂ ਵੀਰ ਇਸ ਧਰਤੀ ਤੇ ਇਸ ਝੰਡੇ ਥੱਲੇ ਅੰਗ੍ਰੇਜ਼ ਖਿਲਾਫ਼ ਇੱਕਤਰ ਹੋਏ। ਇਹ ਝੰਡਾ ਧਾਰਮਿਕ ਅਤੇ ਰਾਜਸੀ ਸੱਤਾ ਦਾ ਪ੍ਰਤੀਕ ਸੀ। ਸਿੱਖ ਧਰਮ ਵਿੱਚ ਗੁਰੂ ਹਰਿਗੋਬਿੰਦ ਜੀ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰ ਇਸ ਸਿਧਾਂਤ ਨੂੰ ਸਪਸ਼ਟ ਕਰ ਦਿੱਤਾ ਸੀ। ਉਸ ਸਮੇਂ ਤੋਂ ਲੈ ਕੇ ਸਿਖ ਧਰਮ ਵਿੱਚ ਅਧਿਆਤਮਿਕਤਾ ਦੇ ਨਾਲ-ਨਾਲ ਰਾਜਸੀ ਸ਼ਕਤੀ ਦੀ ਵੀ ਗੱਲ ਕੀਤੀ ਜਾਂਦੀ ਹੈ। ਪੁਰਾਣੇ ਸਮੇਂ ਵਿੱਚ ਧਰਮਸ਼ਾਲਾ (ਗੁਰਦੁਆਰਿਆਂ) ਵਿੱਚ ਲਗੇ ਨਿਸ਼ਾਨ ਸਾਹਿਬ ਦੂਰੋਂ ਰਾਹਗੀਰ ਨੂੰ ਨਜ਼ਰ ਆ ਜਾਂਦੇ ਸਨ ਇਸ ਲਈ ਉਸ ਨੂੰ ਆਪਣੀ ਠਾਹਰ ਲਈ ਪ੍ਰਬੰਧ ਸੌਖਾ ਹੋ ਜਾਂਦਾ ਸੀ।

ਸ੍ਰੀ ਭੈਣੀ ਸਾਹਿਬ ਦੁਬਾਰਾ ਬਣਿਆ ਇਹ ਨਿਸ਼ਾਨ ਸਾਹਿਬ ਹਾਈਡ੍ਰੋਲਿਕ ਹੈ। ਕਪੜਾਂ ਜਾਂ ਫ਼ਰਰਾ ਦਾ ਕਪੜਾ ਬਦਲਣਾ ਬਹੁਤ ਅਸਾਨ ਹੈ। 90 ਡਿਗਰੀ 'ਚ ਖੜਾ ਇਹ ਨਿਸ਼ਾਨ ਸਾਹਿਬ ਵਾਪਸ ਜੀਰੋ ਡੀਗਰੀ ਤੇ ਲੰਬਾ ਪੈ ਸਕਦਾ ਹੈ। ਇਸ ਨਿਸ਼ਾਨ ਸਾਹਿਬ ਦੀ ਲੰਬਾਈ 70 ਫੁੱਟ ਹੈ ਅਤੇ ਭਾਰ 715 ਕਿਲੋਗ੍ਰਾਮ। ਇਹ ਸਾਰਾ ਸਟੀਲ ਧਾਤੂ ਦਾ ਬਣਿਆ ਹੋਇਆ ਹੈ। 27 ਸਤੰਬਰ ਸ਼ਾਮ 4 ਵਜੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਸਿੱਖ ਸੰਗਤਾ ਨਾਲ ਨਿਸ਼ਾਨ ਸਾਹਿਬ ਵਾਲੀ ਜਗ੍ਹਾ ਜੋ ਵੱਡੇ ਲੰਗਰ ਦੇ ਬਿਲਕੁੱਲ ਨਾਲ ਹੈ ਉਥੇ ਪਹੁੰਚੇ। ਇਕ ਆਲੋਕਿਕ ਨਜ਼ਾਰਾ ਬਣਿਆ। ਸੰਤ ਨਿਸ਼ਾਨ ਸਿੰਘ ਜੀ ਨੇ ਅਰਦਾਸ ਕੀਤੀ ਤੇ ਨਿਸ਼ਾਨ ਸਾਹਿਬ ਨੂੰ ਜੀਰੋ ਡੀਗਰੀ ਤੋਂ ਨੱਬੇ ਡੀਗਰੀ ਤੇ ਸਿੱਧਾ ਕਰਨ ਲਈ ਸ੍ਰੀ ਸਤਿਗੁਰੂ ਜੀ ਨੇ ਰਸੀਵਰ ਘੁਮਾਇਆ। ਇਸ ਸਮੇਂ ਸੰਗਤ ਨੇ ਹੁਲਾਸ ਵਿੱਚ ਗਗਨ ਗੱਜਾਊ ਜੈਕਾਰੇ ਲਾਏ। **ਗੁਰਦੇਵ ਸਿੰਘ ਚੀਮਾ**

..................................................

## Matrimonial

**ਨਾਮਧਾਰੀ ਲੜਕਾ ਰਾਮਗੜੀਆ ਪਰਿਵਾਰ**

ਉਮਰ - 31 ਸਾਲ

ਕੱਦ - 6 ਫੁੱਟ

ਪੜ੍ਹਾਈ - ਬਾਰਵੀਂ

ਨੌਕਰੀ - Opreator Mobile Company

ਜਮੀਨ, ਜਾਇਦਾਤ ਤਨਖਾਹ - 70,000

ਸੰਪਰਕ- 99901-44455, 74192-11645

..................................................

### ਸਾਧ-ਸੰਗਤ ਲਈ ਸੂਚਨਾ

**ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਹੋਏ ਹੋਲੇ ਮਹੱਲਿਆ ਦਾ ਇਤਿਹਾਸ ਲਿਖਿਆ ਜਾ ਰਿਹਾ ਹੈ ਜੇ ਕਿਸੇ ਕੋਲ ਕਿਸੇ ਵੀ ਹੋਲੇ ਸਮੇਂ ਹੋਈ ਵਿਸ਼ੇਸ਼ ਘਟਨਾ ਜਾਂ ਸਾਖੀ ਦੀ ਜਾਣਕਾਰੀ ਹੋਵੇ ਤਾਂ ਸੰਤ ਨਿਸ਼ਾਨ ਸਿੰਘ ਜੀ ਨਾਲ ਸਾਂਝੀ ਕਰੋ।**

**ਸੰਤ ਨਿਸ਼ਾਨ ਸਿੰਘ, 94632-46448**

## ਜਪ ਪ੍ਰਯੋਗ 2022











Date of Publication: 06 October 2022
Date of Posting: 08 October 2022

RNI NO.55658/93
LDM/008/2021-2023



Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.